ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥

ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ




# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ



ਜਿਲਦ : 119 | ਅੰਕ : 122 | ਸਤੰਬਰ 2023 | ਭੇਟਾ - 10/- ਰੁਪੈ

# ਦੀਵਾਨ ਵਲੋਂ ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮਦਿਨ ਨੂੰ ਸਮਰਪਤ

## ਨਿਰਗੁਣੀਆਰਾ ਪੱਤਰ ਦੀ ਮੁੜ ਪ੍ਰਕਾਸ਼ਨਾ ਅਤੇ ਭਾਈ ਵੀਰ ਸਿੰਘ ਸਾਹਿੱਤ ਅਧਿਐਨ ਕੇਂਦਰ ਆਰੰਭ

## ਭਾਈ ਵੀਰ ਸਿੰਘ ਜੀ ਦਾ ਨਾਵਲ ਸੁੰਦਰੀ ਦੀਵਾਨ ਦੇ ਸਕੂਲਾਂ ਵਿਚ ਪੜਾਇਆ ਜਾਵੇਗਾ -ਡਾ.ਨਿੱਜਰ

ਚੀਫ਼ ਖ਼ਾਲਸਾ ਦੀਵਾਨ ਦੇ ਮੋਢੀ ਸਿਰਜਕਾਂ ਵਿਚੋਂ ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮ ਦਿਵਸ ਨੂੰ ਇਤਿਹਾਸਕ ਯਾਦਗਾਰੀ ਬਣਾਉਣ ਲਈ ਦੀਵਾਨ ਵਲੋਂ ਨਵੀਆਂ ਪੁਲਾਘਾਂ ਪੁੱਟਦਿਆਂ ਭਾਈ ਵੀਰ ਸਿੰਘ ਜੀ ਵਲੋਂ 1894 ਈ. ਵਿਚ ਸਥਾਪਤ ਖਾਲਸਾ ਟ੍ਰੈਕਟ ਸੁਸਾਇਟੀ ਰਾਹੀਂ ਪ੍ਰਕਾਸ਼ਿਤ ਕੀਤੇ ਜਾਂਦੇ ਪੱਤਰ ਨਿਰਗੁਣੀਆਰਾ ਨੂੰ ਮੁੜ ਤੋਂ ਪ੍ਰਕਾਸ਼ਿਤ ਕਰਨ ਦਾ ਨਿਰਣਾ ਲਿਆ ਗਿਆ ਹੈ। ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਪ੍ਰਮੁੱਖ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਦੀ ਇਕ ਵਿਸ਼ੇਸ਼ ਮੀਟਿੰਗ ਵਿਚ ਦਸਿਆ ਕਿ ਭਾਈ ਵੀਰ ਸਿੰਘ ਜੀ ਦਾ ਇਹ ਪੱਤਰ ਨਿਰਗੁਣੀਆਰਾ ਜੋ ਆਰੰਭ ਵਿਚ ਟ੍ਰੈਕਟਾਂ ਦੇ ਰੂਪ ਵਿਚ ਛਪਦਾ ਸੀ ਉਸਨੂੰ ਦੀਵਾਨ ਨੇ 2013 ਤੋਂ ਨਵੀਂ ਦਿਖ ਤੇ ਸਮਗਰੀ ਨਾਲ ਤ੍ਰੈਮਾਸਕ ਦੇ ਰੂਪ ਵਿਚ ਪ੍ਰਕਾਸ਼ਤ ਕਰਨ ਦੀ ਪਰੰਪਰਾ ਆਰੰਭੀ ਸੀ ਜੋ ਸਾਲ 2019 ਤੱਕ ਨਿਰੰਤਰ ਜਾਰੀ ਰਹੀ। ਨਵੀਂ ਦਿਖ ਤੇ ਪਾਠ-ਸਮਗਰੀ ਕਾਰਨ ਇਸ ਪੱਤਰ ਨੂੰ ਪਾਠਕਾਂ ਵਲੋਂ ਬੇਹਦ ਪਸੰਦ ਕੀਤਾ ਜਾ ਰਿਹਾ ਸੀ ਪਰ ਕੋਵਿਡ-2019 ਕਾਰਨ ਇਸਦੀ ਪ੍ਰਕਾਸ਼ਨਾ ਵਿਚ ਖੜੋਤ ਆ ਗਈ। ਪ੍ਰਧਾਨ ਡਾ.ਨਿੱਜਰ ਸਾਹਿਬ ਨੇ ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੂੰ ਦੱਸਿਆ ਕਿ ਹੁਣ ਦੀਵਾਨ ਵੱਲੋਂ ਗੁਰਮਤਿ ਦੀ ਰੂਹਾਨੀਅਤ ਵਿਰਾਸਤ ਵਿਚ ਰੰਗੇ ਭਾਈ ਵੀਰ ਸਿੰਘ ਜੀ ਦੇ ਇਸ ਪੱਤਰ ਨਿਰਗੁਣੀਆਰਾ ਨੂੰ ਜੋ ਪੰਜਾਬੀ ਸਾਹਿੱਤ, ਗੁਰਮਤਿ ਸਾਹਿੱਤ ਅਤੇ ਗੁਰਬਾਣੀ ਸਿਧਾਤਾਂ ਤੇ ਸਿੱਖ ਇਤਿਹਾਸ ਨੂੰ ਪ੍ਰਚਾਰਨ ਤੇ ਪ੍ਰਸਾਰਨ ਵਿਚ ਨਿਗਰ ਭੂਮਿਕਾ ਨਿਭਾਉਂਦਾ ਰਿਹਾ ਹੈ ਉਸ ਨੂੰ



ਅਸੀਂ ਹੁਣ ਮੁੜ ਤੋਂ ਪ੍ਰਕਾਸ਼ਤ ਕਰਦਿਆਂ ਭਾਈ ਸਾਹਿਬ ਜੀ ਦੀ ਅਜ਼ੀਮ ਸਖ਼ਸ਼ੀਅਤ ਸਨਮੁੱਖ ਉਨ੍ਹਾਂ ਦੇ 150 ਸਾਲਾ ਜਨਮ ਦਿਵਸ ਨੂੰ ਸਮਰਪਤ ਕਰਨ ਦੀ ਖੁਸ਼ੀ ਪ੍ਰਾਪਤ ਕਰਨੀ ਚਾਹੁੰਦੇ ਹਾਂ। ਪ੍ਰਧਾਨ ਸਾਹਿਬ ਨੇ ਇਹ ਵੀ ਦੱਸਿਆ ਕਿ ਭਾਈ ਵੀਰ ਸਿੰਘ ਜੀ ਦੀਆਂ ਕੀਮਤੀ ਲਿਖਤਾਂ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਇਹ ਵਿਸ਼ਵ ਮਾਨਵ ਸਮਾਜ ਦੀ ਅਜੋਕੇ ਸਮੇਂ ਡਾਵਾਂ ਡੋਲ ਹੋ ਰਹੀ ਜ਼ਿੰਦਗੀ ਨੂੰ ਸੁਚਜਾ ਮਾਰਗ ਦਰਸ਼ਨ ਕਰਦਿਆਂ ਉਸਨੂੰ ਸੰਤੁਲਤ ਕਰਕੇ ਮਾਨਸਿਕ ਸੰਤੁਸ਼ਟੀ ਦੇਣ ਦੀ ਸਮਰਥਾ ਰੱਖਦਾ ਹੈ। ਇਸ ਲਈ ਦੀਵਾਨ ਇਸ ਕਾਰਜ ਪੂਰਤੀ ਲਈ ਭਾਈ ਵੀਰ ਸਿੰਘ ਸਾਹਿੱਤ ਅਧਿਐਨ ਕੇਂਦਰ ਸਥਾਪਤ ਕਰ ਰਿਹਾ ਹੈ। ਉਹਨਾਂ ਦੱਸਿਆ ਕਿ ਇਸ ਸਾਹਿੱਤ ਅਧਿਐਨ ਕੇਂਦਰ ਵਿਚ ਭਾਈ ਵੀਰ ਸਿੰਘ ਜੀ ਦੀਆਂ ਆਪਣੀਆਂ ਸਮੁੱਚੀਆਂ ਰਚਨਾਵਾਂ ਅਤੇ ਉਨ੍ਹਾਂ ਬਾਰੇ ਪੰਜਾਬੀ, ਹਿੰਦੀ, ਅੰਗ੍ਰੇਜ਼ੀ ਵਿਚ ਲਿਖੀਆਂ ਰਚਨਾਂਵਾਂ, ਖੋਜ-ਨਿਬੰਧ ਆਦਿ ਇਕੱਤਰ ਕਰਕੇ ਰਖੇ ਜਾਣਗੇ ਤਾਂ ਜੋ ਭਾਈ ਵੀਰ ਸਿੰਘ ਜੀ ਦੇ ਜੀਵਨ ਅਤੇ ਸਵੈ ਰਚਨਾਵਾਂ ਤੋਂ ਇਲਾਵਾ ਉਹਨਾਂ ਬਾਰੇ ਪ੍ਰਾਪਤ ਸੰਬੰਧਤ ਸਮਗਰੀ ਦੀ ਪਾਠਕਾਂ ਨੂੰ ਪੂਰੀ ਜਾਣਕਾਰੀ ਇਸ ਸਾਹਿੱਤ ਅਧਿਐਨ ਕੇਂਦਰ ਤੋਂ ਪ੍ਰਾਪਤ ਹੋ ਸਕੇ। ਪ੍ਰਧਾਨ ਸਾਹਿਬ ਨੇ ਇਹ ਵੀ ਦੱਸਿਆ ਕਿ ਸਾਡੇ ਮੈਂਬਰ ਬੀਬੀ ਕਿਰਨਜੋਤ ਕੌਰ ਦੇ ਸੁਝਾਅ ਸਨਮੁੱਖ ਭਾਈ ਵੀਰ ਸਿੰਘ ਜੀ ਦੀ ਪ੍ਰਸਿੱਧ ਪਲੇਠੀ ਰਚਨਾ ਨਾਵਲ ਸੁੰਦਰੀ ਚੀਫ਼ ਖ਼ਾਲਸਾ ਦੀਵਾਨ ਦੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਪੜਾਇਆ ਜਾਵੇਗਾ। ਪ੍ਰਧਾਨ ਡਾ.ਨਿੱਜਰ ਸਾਹਿਬ ਦੇ ਇਹਨਾਂ ਸੁਝਾਵਾਂ ਦਾ ਹਾਜ਼ਰ ਮੈਂਬਰਾਂ ਨੇ ਭਰਪੂਰ ਸੁਆਗਤ ਕਰਦਿਆਂ ਇਨ੍ਹਾਂ ਦੀ ਸਰਬ-ਸੰਮਤੀ ਨਾਲ ਸਹਿਮਤੀ ਪ੍ਰਗਟਾਈ।




ਮੀਟਿੰਗ ਵਿਚ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਤੋਂ ਇਲਾਵਾ ਸਰਪ੍ਰਸਤ ਸ੍ਰ.ਰਾਜਮੋਹਿੰਦਰ ਸਿੰਘ ਮਜੀਠਾ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਡਾ.ਸਰਬਜੀਤ ਸਿੰਘ ਛੀਨਾ ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ, ਆਨਰੇਰੀ ਐਡੀਸ਼ਨਲ ਸਕੱਤਰ ਸ੍ਰ.ਹਰਜੀਤ ਸਿੰਘ ਅਤੇ ਸ੍ਰ.ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਡਾ.ਸੰਤੋਖ ਸਿੰਘ , ਬੀਬੀ ਕਿਰਨਜੋਤ ਕੌਰ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਰਮਣੀਕ ਸਿੰਘ ਫਰੀਡਮ, ਸ੍ਰ.ਮਨਮੋਹਨ ਸਿੰਘ, ਸ੍ਰ.ਪ੍ਰਦੀਪ ਸਿੰਘ ਵਾਲੀਆ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ ਚਾਵਲਾ, ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ, ਡਾ.ਜਸਬੀਰ ਸਿੰਘ ਸਾਬਰ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਦੀਵਾਨ ਦੇ ਗੁਰਦੁਆਰਾ ਸਾਹਿਬ ਵਿਖੇ ਜੀਵਨ ਜੁਗਤਿ ਸਮਾਗਮ



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਜੀਵਨ ਜੁਗਤਿ ਸਮਾਗਮ ਚੀਫ਼ ਖ਼ਾਲਸਾ ਦੀਵਾਨ ਦੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਬਹੁਤ ਸ਼ਰਧਾ, ਉਤਸ਼ਾਹ ਅਤੇ ਸਿੱਖੀ ਜਾਹੋ ਜਲਾਲ ਨਾਲ ਸਜਾਇਆ ਗਿਆ ਜਿਥੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਦੀਵਾਨ ਮੈਂਬਰ ਸ੍ਰ.ਤੇਜਿੰਦਰ ਸਿੰਘ ਸਰਦਾਰ ਪਗੜ੍ਹੀ ਹਾਊਸ ਵਾਲਿਆ ਅਤੇ ਡਾ.ਜਸਬੀਰ ਸਿੰਘ ਸਾਬਰ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ। ਤੂ ਬੇਅੰਤ ਕੋ ਵਿਰਲਾ ਜਾਣੈ ਵਿਸ਼ੇ ਤੇ ਸਜਾਏ ਗਏ ਇਸ ਸਮਾਗਮ ਵਿਚ ਹਜ਼ੂਰੀ ਰਾਗੀ ਭਾਈ ਸਤਿੰਦਰਬੀਰ ਸਿੰਘ, ਬੀਬੀ ਪਰਮਜੀਤ ਕੌਰ, ਪੰਮਾ ਭੈਣ ਜੀ ਬੀਬਾ ਬਖਸ਼ਿਸ਼ ਕੌਰ ਦੇ ਜਥਿਆਂ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਦੀ ਛਹਿਬਰ ਲਗਾਉਂਦਿਆਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਉਪਦੇਸ਼ਾਂ ਨੂੰ ਸਰਵਨ ਕਰਵਾਇਆ। ਇਸ ਮੌਕੇ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਤੇਜਿੰਦਰ ਸਿੰਘ ਪਗੜ੍ਹੀ ਹਾਊਸ ਅਤੇ ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਵੱਲੋਂ ਗਿਆਨੀ ਅਮਰਜੀਤ ਸਿੰਘ ਜੀ ਅਤੇ ਜੱਥਿਆਂ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਉਪਰੋਕਤ ਸ਼ਖਸ਼ੀਅਤਾਂ ਤੋ ਇਲਾਵਾ ਭਾਈ ਦਵਿੰਦਰ ਸਿੰਘ, ਭਾਈ ਜਸਬੀਰ ਸਿੰਘ ਬੈਂਕ ਵਾਲੇ, ਭਾਈ ਸਤਿੰਦਰ ਸਿੰਘ ਚਾਵਲਾ ਅਤੇ ਹੋਰ ਪੰਥ ਦੀਆਂ ਨਾਮਵਰ ਸਖਸ਼ੀਅਤਾਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# ਸੰਪਾਦਕੀ

## ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮ ਦਿਨ ਨੂੰ ਸਮਰਪਤ ਦੀਵਾਨ ਵਲੋਂ ਹੋਰ ਨਵੇਂ ਯਾਦਗਾਰੀ ਫੈਸਲੇ

ਸਤਿਕਾਰਤ ਪਿਤਾ ਡਾ.ਚਰਨ ਸਿੰਘ ਜੀ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਤੋਂ ਪ੍ਰਾਪਤ ਰੂਹਾਨੀਅਤ ਦੇ ਮਜੀਠ ਰੰਗ ਵਿਚ ਰਤੜੇ ਭਾਈ ਵੀਰ ਸਿੰਘ ਜੀ ਦਾ 150 ਸਾਲਾ ਜਨਮ ਦਿਵਸ ਪਿਛਲੇ ਸਾਲ 5 ਦਸੰਬਰ 2022 ਨੂੰ ਵਿਸ਼ਵ ਭਰ ਵਿਚ ਪੰਜਾਬੀਅਤ ਨਾਲ ਜੁੜੀਆਂ ਸੰਸਥਾਵਾਂ ਵੱਲੋਂ ਆਮ ਕਰਕੇ ਅਤੇ ਸਿੱਖ ਸੰਸਥਾਵਾਂ ਵਲੋਂ ਖਾਸ ਤੌਰ ਤੇ ਵਿਸ਼ੇਸ਼ ਰੂਪ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਕਿਉਂਕਿ ਭਾਈ ਸਾਹਿਬ ਨੇ ਆਰੰਭ ਵਿਚ ਪ੍ਰਾਪਤ ਹੋ ਰਹੇ ਸਰਕਾਰੀ ਅਹੁਦੇ ਅਤੇ ਬ੍ਰਿਜ ਭਾਸ਼ਾ ਦਾ ਮੋਹ ਤਿਆਗ ਕੇ ਪੰਜਾਬੀ ਭਾਸ਼ਾ ਵਿਚ ਸਮਕਾਲ ਦੀਆਂ ਲੋੜਾਂ ਸਨਮੁੱਖ ਆਧੁਨਿਕ ਮੁਹਾਵਰੇ ਵਿਚ ਸਾਹਿਤ ਸਿਰਜਣ, ਸਿੱਖ ਇਤਿਹਾਸ ਲਿਖਣ ਤੇ ਸੰਪਾਦਤ ਕਰਨ, ਗੁਰਬਾਣੀ ਵਿਆਖਿਆ ਅਤੇ ਕੋਸ਼ਕਾਰੀ ਦੇ ਖੇਤਰ ਵਿਚ ਜੋ ਯਾਦਗਾਰੀ ਕਾਰਜ ਕੀਤੇ ਜੇ ਆਪ ਜੀ ਅਜਿਹਾ ਨਾ ਕਰਦੇ ਤਾਂ ਪੰਜਾਬੀ ਅਤੇ ਸਿੱਖ ਸਾਹਿੱਤ ਦਾ ਸਾਹਿੱਤਕ ਖੇਤਰ ਵਿਚ ਸਿਤਾਰਾ ਸ਼ਾਇਦ ਨਾ ਚਮਕਦਾ। ਭਾਈ ਸਾਹਿਬ ਜੀ ਦੇ ਸਮੇਂ ਬ੍ਰਿਜ-ਭਾਸ਼ਾ ਵਿਚ ਲਿਖਣਾ ਉਚ ਪਾਏ ਦਾ ਲੇਖਕ ਹੋਣ ਦੀ ਪਛਾਣ ਸੀ। ਪਰੰਤੂ ਭਾਈ ਸਾਹਿਬ ਨੇ ਪੰਜਾਬੀਅਤ ਨੂੰ ਸਿਰ ਤੇ ਚੁਕਿਆ। ਏਥੋਂ ਤਕ ਕਿ ਸਮਕਾਲ ਵਿਚ ਆਰੀਆ ਸਮਾਜੀਆਂ ਅਤੇ ਈਸਾਈਆਂ ਦੇ ਸਿੱਖ ਵਿਰੋਧੀ ਪ੍ਰਚਾਰ ਦਾ ਆਪ ਜੀ ਨੇ ਕਲਮ ਦੀ ਤਲਵਾਰ ਨਾਲ ਨਿਰਗੁਣੀਆਰਾ, ਖਾਲਸਾ ਸਮਾਚਾਰ ਤੇ ਖਾਲਸਾ ਐਡਵੋਕੇਟ ਰਾਹੀਂ ਡੱਟ ਕੇ ਮੁਕਾਬਲਾ ਕੀਤਾ।

ਭਾਈ ਵੀਰ ਸਿੰਘ ਜੀ ਆਧੁਨਿਕ ਪੰਜਾਬੀ ਸਾਹਿੱਤ ਦੇ ਪਿਤਾਮਾ ਹੋਣ ਦੇ ਨਾਲ-ਨਾਲ ਸਿੱਖੀ ਸਿੱਖਿਆ, ਯਤੀਮਖਾਨੇ, ਹਸਪਤਾਲ, ਪੰਜਾਬ ਐਂਡ ਸਿੰਧ ਬੈਂਕ, ਖਾਲਸਾ ਕਾਲਜ, ਸ਼੍ਰੋਮਣੀ ਕਮੇਟੀ ਅਤੇ ਚੀਫ਼ ਖ਼ਾਲਸਾ ਦੀਵਾਨ, ਆਦਿ ਸੰਸਥਾਵਾਂ ਦੇ ਮੋਢੀ ਸਿਰਜਕਾਂ ਵਿਚੋਂ ਪਹਿਲੀ ਕਤਾਰ ਵਿਚ ਰਹਿੰਦੇ ਸਨ।

ਚੀਫ਼ ਖ਼ਾਲਸਾ ਦੀਵਾਨ ਦੀ ਸਿਰਜਨਾ ਵਿਚ ਤਾਂ ਆਪ ਜੀ ਦੀ ਮੁੱਖ ਭੂਮਿਕਾ ਦੇ ਸਨਮੁੱਖ ਹੀ ਦੀਵਾਨ ਨੇ ਆਪ ਜੀ ਦੇ 150 ਸਾਲਾ ਜਨਮ ਦਿਨ ਨੂੰ ਯਾਦਗਾਰੀ ਬਣਾਉਣ ਲਈ 5 ਦਸੰਬਰ 2022 ਨੂੰ ਹੋਈ 67ਵੀਂ ਵਿਸ਼ਵ ਸਿੱਖ ਐਜੂਕੇਸ਼ਨਲ ਕਾਨਫਰੰਸ ਨੂੰ ਨਾ ਕੇਵਲ ਭਾਈ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਕੀਤਾ ਸਗੋਂ ਉਨ੍ਹਾਂ ਦੇ ਇਸ ਅਵਸਰ ਨੂੰ ਯਾਦਗਾਰੀ ਬਣਾਉਣ ਲਈ ਬਟਾਲੇ ਵਿਚ ਅਤਿ ਆਧੁਨਿਕ ਪੱਧਰ ਦਾ ਬਾਰ੍ਹਵੀਂ ਜਮਾਤ ਤੱਕ ਦਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਸਥਾਪਤ ਕਰਨ ਅਤੇ ਪਾਠਕਾਂ ਤੇ ਖੋਜਕਾਰਾਂ ਦੀ ਸਹੂਲਤ ਲਈ ਭਾਈ ਵੀਰ ਸਿੰਘ ਸਾਹਿੱਤ ਅਧਿਐਨ ਕੇਂਦਰ ਸਥਾਪਤ ਕਰਨ ਦਾ ਐਲਾਨ ਵੀ ਕੀਤਾ।

ਹੁਣ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਉਨ੍ਹਾਂ ਦੀ ਟੀਮ ਨੇ ਭਾਈ ਵੀਰ ਸਿੰਘ ਜੀ ਦੇ ਜਨਮ ਦਿਨ ਨੂੰ ਸਮਰਪਤ ਭਾਈ ਵੀਰ ਸਿੰਘ ਜੀ ਦੇ ਸਾਹਿੱਤਕ ਪੱਤਰ ਨਿਰਗੁਣੀਆਰਾ ਦੀ ਪ੍ਰਕਾਸ਼ਨਾ ਮੁੜ ਤੋਂ ਆਰੰਭ ਕਰਨ ਦਾ ਨਿਰਣਾ ਲਿਆ ਹੈ। ਇਸ ਫੈਸਲੇ ਦੇ ਸਨਮੁੱਖ ਨਿਰਗੁਣੀਆਰਾ ਦਾ ਮੁੜ ਤੋਂ ਪ੍ਰਕਾਸ਼ਤ ਹੋਇਆ ਪਹਿਲਾਂ ਅੰਕ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 419ਵੇਂ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ ਉਹ ਇਸ ਹਫ਼ਤੇ ਪਾਠਕਾਂ ਨੂੰ ਪ੍ਰਾਪਤ ਹੋ ਰਿਹਾ ਹੈ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਉਹਨਾਂ ਦੀ ਸਮੁੱਚੀ ਟੀਮ ਭਾਈ ਵੀਰ ਸਿੰਘ ਜੀ ਦੇ 150 ਸਾਲਾ ਨੂੰ ਸਮਰਪਤ ਨਿਰਗੁਣੀਆਰਾ ਦੀ ਮੁੜ ਪ੍ਰਕਾਸ਼ਨਾ ਅਤੇ ਭਾਈ ਵੀਰ ਸਿੰਘ ਸਾਹਿੱਤ ਅਧਿਐਨ ਕੇਂਦਰ ਆਰੰਭ ਕਰਨ ਲਈ ਵਧਾਈ ਦੀ ਪਾਤਰ ਹੈ।

ਆਸ ਹੈ ਕਿ ਹੁਣ ਪਾਠਕ ਖਾਲਸਾ ਐਡਵੋਕੇਟ ਵਿਚ ਪ੍ਰਕਾਸ਼ਤ ਹੁੰਦੀਆਂ ਗਤੀਵਿਧੀਆਂ ਦੇ ਨਾਲ ਭਾਈ ਵੀਰ ਸਿੰਘ ਜੀ ਦੇ ਸਾਹਿਤਕ ਪੱਖ ਤੋਂ ਵੀ ਭਰਪੂਰ ਜਾਣਕਾਰੀ ਪ੍ਰਾਪਤ ਕਰਿਆ ਕਰਨਗੇ।

**ਡਾ.ਜਸਬੀਰ ਸਿੰਘ ਸਾਬਰ**
**ਮੁੱਖ ਸੰਪਾਦਕ**

ਸਰਪ੍ਰਸਤ: ਡਾ ਇੰਦਰਬੀਰ ਸਿੰਘ ਨਿਜ਼ਰ
ਸ. ਰਾਜਮੋਹਿੰਦਰ ਸਿੰਘ ਮਜੀਠਾ

ਸੰਪਾਦਕ : ਡਾ. ਜਸਬੀਰ ਸਿੰਘ ਸਾਬਰ 9888460180
ਸਹਿ. ਸੰਪਾਦਕ: (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ. 8872042060

ਸਲਾਹਕਾਰ :
ਸ੍ਰ. ਅਮਰਜੀਤ ਸਿੰਘ ਵਿਕਰਾਂਤ, ਸ੍ਰ. ਜਗਜੀਤ ਸਿੰਘ, ਸ੍ਰ. ਸੰਤੋਖ ਸਿੰਘ ਸੇਠੀ,
ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ,
ਸ. ਭਗਵੰਤਪਾਲ ਸਿੰਘ ਸੱਚਰ, ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਅੰਮ੍ਰਿਤਪਾਲ ਸਿੰਘ ਚਾਵਲਾ।

*ਪ੍ਰਕਾਸ਼ਕ*
ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ
ਜੀ.ਟੀ. ਰੋਡ, ਅੰਮ੍ਰਿਤਸਰ - 143001
Ph.- 0183-2562253 • E-mail- ktsckd@gmail.com

ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ
E-mail- printwellasr@gmail.com

## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

### ''ਪ੍ਰੇਮ ਤਰੰਗੀ''

ਪੂੰਨਿਆ ਨੂੰ ਸਹੁ ਸਾਗਰ ਉਛਲੇ
ਤਾਂਘ ਅਰਸ਼ ਦੀ ਕਰਦਾ
ਦੂਰ ਵਸੇਂਦੇ ਸੋਹਣੇ ਵੱਲੋਂ
ਉਮਡ ਉਮਡ ਜੀ ਭਰਦਾ
ਜਿਉਂ ਜਿਉਂ ਪਰ ਉਸ ਲਗੇ ਚਾਂਦਨੀ
ਤਿਉਂ ਤਿਉਂ ਕੀ ਉਹ ਦੇਖੇ?
ਪ੍ਰੀਤਮ ਦਾ ਦਿਲ ਪ੍ਰੇਮ ਤਰੰਗੀ
ਦਾਨ ਉਛਾਲੇ ਕਰਦਾ।



# ਚੰਦਰਯਾਨ-3 ਦੀ ਸਫਲਤਾ ਵਿਚ ਸਿੱਖ ਵਿਗਿਆਨੀ ਸ੍ਰ. ਮਹਿੰਦਰਪਾਲ ਸਿੰਘ ਦਾ ਯੋਗਦਾਨ

**ਮਨਜੀਤ ਕੌਰ ਪੀ.ਆਰ.ਓ**



ਚੰਦਰਯਾਨ-3 ਮਿਸ਼ਨ ਦੀ ਸ਼ਾਨਦਾਰ ਇਤਿਹਾਸਕ ਸਫਲਤਾ ਨੇ ਭਾਰਤ ਦਾ ਨਾਮ ਪੁਲਾੜ ਇਤਿਹਾਸ ਵਿਚ ਸੁਨਿਹਰੀ ਅਖਰਾਂ ਵਿਚ ਦਰਜ ਕਰਵਾਇਆ ਹੈ ਅਤੇ ਦੇਸ਼ ਨੂੰ ਪੁਲਾੜ ਜਗਤ ਦੀ ਵੱਡੀ ਸ਼ੱਕਤੀ ਵਜੋਂ ਉਭਾਰਦਿਆਂ ਇਸ ਦਾ ਗੌਰਵ ਅਤੇ ਮਾਨ ਸਨਮਾਨ ਹੋਰ ਵੀ ਉੱਚਾ ਕੀਤਾ ਹੈ। ਸਮੂਹ ਦੇਸ਼ ਵਾਸੀਆਂ ਨੂੰ ਆਪਣੇ ਵਿਗਿਆਨੀਆਂ ਦੀ ਇਸ ਮਹਾਨ ਪ੍ਰਾਪਤੀ ਤੇ ਹਮੇਸ਼ਾ ਮਾਣ ਰਹੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਜੁੜੇ ਉੱਘੇ ਪ੍ਰਤਿਭਾਸ਼ਾਲੀ ਇਕ ਸਿੱਖ ਵਿਗਿਆਨੀ ਸ੍ਰ.ਮਹਿੰਦਰਪਾਲ ਸਿੰਘ ਨੇ ਚੰਦਰਯਾਨ-3 ਮਿਸ਼ਨ ਦੀ ਸਫਲਤਾ ਹਿਤ ਅਪਣਾ ਯੋਗਦਾਨ ਪਾਕੇ ਨਾ ਕੇਵਲ ਇਤਿਹਾਸ ਰਚਿਆ ਹੈ ਸਗੋਂ ਸਿੱਖ ਕੌਮ ਦੇ ਸੁਪਨਿਆਂ, ਇੱਛਾਵਾਂ ਅਤੇ ਗੌਰਵ ਦੀ ਪ੍ਰਤੀਨਿਧਤਾ ਕਰਦਿਆਂ ਪੁਲਾੜ ਤੱਕ ਸਿੱਖ ਕੌਮ ਦਾ ਨਾਮ ਵੀ ਰੋਸ਼ਨ ਕੀਤਾ ਹੈ। ਸ੍ਰ.ਮਹਿੰਦਰਪਾਲ ਸਿੰਘ, ਭਾਰਤੀ ਪੁਲਾੜ ਖੋਜ਼ ਸੰਗਠਨ ਈਸਰੋ ਦੇ ਯੂ.ਆਰ.ਰਾਓ ਸੈਟੇਲਾਈਟ ਸੈਂਟਰ ਵਿਖੇ ਵਕ;ਜ਼ਲਜ;ਜਵਖ ਅਦ ੍ਰਚ਼;ਜਵਖ ਂਤਤਚਗ਼ਅਫਕ (ਆਰ.ਐਂਡ.ਕਿਊ.ਏ) ਮਕੈਨੀਕਲ ਏਕੀਕਰਨ ਅਤੇ ਟੈਸਟਿੰਗ ਟੀਮ ਦੇ ਮੁੱਖੀ ਦੇ ਰੂਪ ਵਿਚ ਪੁਲਾੜ ਵਿਗਿਆਨ ਅਤੇ ਇੰਜੀਨੀਅਰਿੰਗ ਦੀ ਦੁਨੀਆਂ ਵਿਚ ਇਕ ਪ੍ਰਕਾਸ਼ਮਾਨ ਸ਼ਖ਼ਸੀਅਤ ਵੱਜੋਂ ਖੜੇ ਹਨ। ਉਹਨਾਂ ਦੇ ਪੁਲਾੜ ਜਗਤ ਵਿਚ 30 ਸਾਲਾ ਤੋ ਵਧੀਕ ਤਜਰਬੇ ਨੇ ਭਾਰਤ ਦੇ ਪੁਲਾੜ ਪ੍ਰੋਗਰਾਮਾਂ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਇਆ ਹੈ। ਸ੍ਰ.ਮਹਿੰਦਰਪਾਲ ਸਿੰਘ ਦਾ ਸਫਰ ਸਾਲ 1987 ਵਿਚ ਸ਼ੁਰੂ ਹੋਇਆ ਜਦੋਂ ਉਹਨਾਂ ਨੇ ਮਕੈਨੀਕਲ ਇੰਜਨੀਅਰਿੰਗ ਕਰਨ ਤੋਂ ਬਾਦ ਈਸਰੋ ਦੇ ਗੁਣਵੱਤਾ ਭਰੋਸਾ ਵਿਭਾਗ ਵਿਚ ਇਕ ਸ਼ਾਨਦਾਰ ਕਰੀਅਰ ਦੀ ਸ਼ੁਰੂਆਤ ਕੀਤੀ। ਇਸ ਸਿੰਘ ਦੀ ਚੜਤ ਅਸਾਧਾਰਣ ਸੀ ਜੋ ਉਹਨਾਂ ਇਕ ਵਿਗਿਆਨੀ ਦੇ ਤੌਰ ਤੇ ਸ਼ੁਰੁਆਤ ਕਰਦਿਆਂ ਤੇਜੀ ਨਾਲ ਪ੍ਰੋਜੈਕਟ ਮੈਨੇਜਰ, ਟੀਮ ਹੈੱਡ ਅਤੇ ਡਿਪਟੀ ਪ੍ਰੋਜੈਕਟ ਡਾਇਰੈਕਟਰ (ਆਰ.ਐਂਡ.ਕਿਊ.ਏ) ਉਪਗ੍ਰਹਿ ਵਰਗੇ ਪ੍ਰਮੁੱਖ ਅਹੁੱਦਿਆਂ ਤੇ ਪਹੁੰਚ ਕੇ ਤਰੱਕੀ ਦੀਆਂ ਬੁਲੰਦੀਆਂ ਛੂਹ ਲਈਆਂ। ਚੰਦਰਯਾਨ-3 ਦੀ ਬਣਤਰ ਮੌਕੇ ਆਰ.ਐਡ.ਕਿਊ.ਏ. ਮਕੈਨੀਕਲ ਅਸੈਂਬਲੀ ਏਕੀਕਰਣ ਅਤੇ ਟੈਸਟਿੰਗ ਟੀਮ ਦੇ ਮੁੱਖੀ ਵਜੋਂ ਉਹਨਾਂ ਦੀ ਮੌਜੂਦਾ ਭੂਮਿਕਾ ਬਹੁਤ ਅਹਿਮ ਹੈ। ਜੇ ਸਰਲ ਸ਼ਬਦਾਂ ਵਿਚ ਗੱਲ ਕਰੀਏ ਤਾਂ ਜਦੋਂ ਵੀ ਕੋਈ ਸੈਟੇਲਾਈਟ ਬਣਾਇਆ ਜਾਂਦਾ ਹੈ ਤਾਂ ਪਹਿਲਾਂ ਇਸ ਦੇ ਸਬ-ਸਿਸਟਮ ਤਿਆਰ ਕੀਤੇ ਜਾਂਦੇ ਹਨ। ਉਪਰੰਤ ਜਦੋਂ ਇਹਨਾਂ ਸਬ-ਸਿਸਟਮਾਂ ਨੂੰ ਇਕ ਸਟਰਕਚਰ ਤੇ ਇਕੱਤਰ ਕਰਕੇ ਇਕ ਸਮੁਚਾ ਸੈਟੇਲਾਈਟ ਸਿਸਟਮ ਤਿਆਰ ਕੀਤਾ ਜਾਂਦਾ ਹੈ ਤਾਂ ਇਕ ਕੁੱਸ਼ਲ ਵਿਗਿਆਨੀਆਂ ਦੀ ਟੀਮ ਵਲੋਂ ਕੁਆਲਿਟੀ ਨਿਰੀਖਣ ਅਤੇ ਟੈਸਟਿੰਗ ਕਰਕੇ ਇਸਦੇ ਸੰਚਾਲਨ ਦੀ ਭਰੋਸੇਯੋਗਤਾ ਮਾਪੀ ਜਾਂਦੀ ਹੈ। ਸ੍ਰ.ਮਹਿੰਦਰਪਾਲ ਸਿੰਘ ਨੇ ਇਸ ਕੁਆਲਿਟੀ ਟੈਸਟਿੰਗ ਟੀਮ ਦੇ ਮੁੱਖੀ ਵਜੋਂ ਕੰਮ ਕਰਦਿਆਂ ਚੰਦਰਯਾਨ-3 ਦੀ ਚੰਦਰਮਾ ਦੀ ਸਤਾ ਤੇ ਸਾਫਟ ਲੈਂਡਿੰਗ ਨੂੰ ਯਕੀਨੀ ਬਣਾਇਆ ਹੈ। ਇਸ ਤੋਂ ਇਲਾਵਾ ਸ੍ਰ.ਮਹਿੰਦਰਪਾਲ ਸਿੰਘ ਨੇ ਇਸਰੋ ਦੁਆਰਾ ਵਿਕਸਿਤ ਕੀਤੇ ਗਏ ਸੈਟੇਲਾਈਟਾਂ ਜਿਵੇਂ ਰਿਮੋਟ ਸੈਂਸਿੰਗ, ਕਮਿਊਨੀਕੇਸ਼ਨ ਸੈਟੇਲਾਈਟ, ਮੀਟੀਓਰੋਲਿਜੀਕਲ ਸੈਟੇਲਾਈਟ, ਸਰਵੀਲੀਏਂਸ ਸੈਟੇਲਾਈਟ ਅਤੇ ਮੰਗਲਯਾਨ ਸਮੇਤ ਵੱਖ-ਵੱਖ ਉਪਗ੍ਰਹਿਆਂ ਦੀ ਕੁਆਲਿਟੀ ਨਿਰੀਖਣ ਅਤੇ ਟੈਸਟਿੰਗ ਵਿਚ ਪ੍ਰਮੁੱਖ ਜਿੰਮੇਵਾਰੀ ਨਿਭਾਈ ਹੈ। ਸ੍ਰ. ਮਹਿੰਦਰਪਾਲ ਸਿੰਘ ਨੂੰ ਪੁਲਾੜ ਤਕਨਾਲੋਜੀ ਵਿਕਾਸ ਵਿਚ ਉਤਮਤਾ ਲਈ ਇਸਰੋ ਵੱਲੋਂ ਟੀਮ ਐਕਸੀਲੈਂਸ ਪੁਰਸਕਾਰ ਨਾਲ ਵੀ ਨਿਵਾਜਿਆ ਗਿਆ ਹੈ। ਸ੍ਰ. ਮਹਿੰਦਰਪਾਲ ਸਿੰਘ ਜਿਹੀਆਂ ਸਖਸ਼ੀਅਤਾਂ ਯੁਵਾ ਪੀੜ੍ਹੀ ਲਈ ਪ੍ਰੇਰਨਾ ਸਰੋਤ ਹਨ ਜੋ ਨੌਜੁਆਨਾਂ ਨੂੰ ਵਿਗਿਆਨ ਦੇ ਖੇਤਰ ਵਿਚ ਭਵਿੱਖ ਸੰਵਾਰਨ ਅਤੇ ਉਚ ਅਹੁੱਦਿਆਂ ਤੇ ਬਿਰਾਜਮਾਨ ਹੋ ਕੇ ਮਨੁੱਖਤਾ ਦੀ ਭਲਾਈ ਅਤੇ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੀਆਂ ਹਨ।



**ਸ੍ਰ. ਮਹਿੰਦਰਪਾਲ ਸਿੰਘ**

ਵਰਤਮਾਨ ਸਮੇਂ ਵਿਚ ਇਸਰੋ ਵਲੋਂ ਆਦਿਤਿਆ ਐਲ-1 ਦੀ ਸੂਰਜ ਵੱਲ ਸਫਲ ਉਡਾਨ ਭਰੀ ਜਾ ਚੁੱਕੀ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵਲੋਂ ਚੰਦਰਯਾਨ-3 ਮਿਸ਼ਨ ਅਤੇ ਭਾਰਤ ਦੀ ਪਹਿਲੀ ਸੂਰਜੀ ਮਿਸ਼ਨ ਦੀ ਸਫਲਤਾ ਲਈ ਇਸਰੋ ਦੀ ਪੂਰੀ ਟੀਮ ਅਤੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਆਸ ਕੀਤੀ ਹੈ ਕਿ ਅੱਗੋਂ ਵੀ ਪ੍ਰਤਿਭਾਸ਼ਾਲੀ ਸਿੱਖ ਅਜਿਹੇ ਮਹਤਵਪੂਰਨ ਪੁਲਾੜ ਮਿਸ਼ਨਾਂ ਦਾ ਹਿੱਸਾ ਬਣਕੇ ਆਪਣੀ ਵਿੱਲਖਣ ਬੁੱਧੀ, ਸਮਝ ਅਤੇ ਕੁਸ਼ਲਤਾ ਦਾ ਪ੍ਰਦਰਸ਼ਨ ਕਰਨਗੇ ਅਤੇ ਸਿੱਖ ਕੌਮ ਦੀ ਸ਼ਾਨ ਨੂੰ ਬੁਲੰਦੀਆਂ ਤੇ ਲੈਕੇ ਜਾਣਗੇ।



ਚੰਦਰਯਾਨ-3

## ਪੁਸਤਕ ਰੀਵਿਊ

# ਭਾਈ ਵੀਰ ਸਿੰਘ ਜੀ: ਅਪ੍ਰਕਾਸ਼ਿਤ ਪੱਤਰ

**ਡਾ. ਜਸਬੀਰ ਸਿੰਘ ਸਾਬਰ***



**ਸੰਪਾਦਕ : ਡਾ.ਪਰਮਵੀਰ ਸਿੰਘ ਅਤੇ ਡਾ. ਕੁਲਵਿੰਦਰ ਸਿੰਘ**

ਵਿਚਾਰ ਅਧੀਨ ਪ੍ਰਕਾਸ਼ਿਤ ਪੁਸਤਕ ਭਾਈ ਵੀਰ ਸਿੰਘ ਜੀ ਅਪ੍ਰਾਸ਼ਿਤ ਪੱਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ.ਬਲਬੀਰ ਸਿੰਘ ਸਾਹਿਤ ਕੇਂਦਰ ਦੇਹਰਾਦੂਨ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਦੇ ਸੰਪਾਦਨ ਕਾਰਜ ਦਾ ਜ਼ੋਖਮ ਗੁਰਮਤਿ ਸਾਹਿੱਤ ਜਗਤ ਦੇ ਰੋਸ਼ਨ ਸਿਤਾਰੇ ਡਾ.ਪਰਮਵੀਰ ਸਿੰਘ ਤੇ ਡਾ.ਕੁਲਵਿੰਦਰ ਸਿੰਘ ਨੇ ਰਲ ਕੇ ਕੀਤਾ ਹੈ। ਮੂਲ ਰੂਪ ਵਿਚ ਇਹ ਪੁਸਤਕ ਭਾਈ ਵੀਰ ਸਿੰਘ ਜੀ ਦੇ 150 ਸਾਲਾ ਜਨਮ ਦਿਨ ਨੂੰ ਯੂਨੀਵਰਸਿਟੀ ਵਲੋਂ ਸਮਰਪਤ ਕੀਤੀ ਗਈ ਹੈ।



ਇਸ ਪੁਸਤਕ ਨੂੰ ਗੰਭੀਰਤਾ ਨਾਲ ਪੜ੍ਹਨ ਉਪਰੰਤ ਹੈਰਾਨੀ ਭਰੀ ਤਸਲੀਬਖਸ਼ ਖੁਸ਼ੀ ਹੋਈ ਹੈ ਕਿ ਪੰਜਾਬੀ ਜਗਤ ਦੇ ਪਿੱਤਾਮਾ ਅਤੇ ਗੁਰਮਤਿ ਸਾਹਿੱਤ ਦੇ ਉੱਚ ਕੋਟੀ ਦੇ ਸਥਾਪਤ ਵਿਦਵਾਨ ਭਾਈ ਵੀਰ ਸਿੰਘ ਜੀ ਦੇ ਲਿਖੇ ਪੱਤਰਾਂ ਦੀਆਂ ਪਹਿਲਾਂ ਤੋਂ ਪ੍ਰਕਾਸ਼ਿਤ ਪੰਜ ਪੁਸਤਕਾਂ ਵੀਰ ਸੁਨੇਹੜੇ, ਪ੍ਰਸੰਗਲੀਆਂ, ਪਿਆਰੇ ਜੀਓ, ਹਮਦਰਦੀ ਪੱਤਰ ਅਤੇ ਵੀਰ ਪੱਤਰਾਵਲੀ ਦੇ ਹੁੰਦਿਆਂ ਇਹਨਾਂ ਦੋ ਸਿਰੜੀ ਵਿਦਵਾਨਾਂ ਡਾ.ਪਰਮਵੀਰ ਸਿੰਘ ਅਤੇ ਡਾ.ਕੁਲਵਿੰਦਰ ਸਿੰਘ ਨੇ ਰਲ ਕੇ ਭਾਈ ਸਾਹਿਬ ਜੀ ਦੇ ਮਾਨਵ-ਜੀਵਨ ਨੂੰ ਸੁਗੰਧਤ ਗਿਆਨ ਵੰਡਣ ਵਾਲੇ ਅਣਗਿਣਤ ਪੱਤਰ ਢੂੰਢਣ ਦੀ ਘਾਲਣਾ ਘਾਲ ਕੇ ਇਹਨਾਂ ਵਡਮੁੱਲੇ ਪੱਤਰਾਂ ਦਾ ਸੁੰਦਰ ਗੁਲਦਸਤਾ ਸਜਾ ਕੇ ਭਾਈ ਵੀਰ ਸਿੰਘ ਜੀ ਅਪ੍ਰਕਾਸ਼ਤ ਪੱਤਰ ਪੁਸਤਕ ਰੂਪ ਵਿਚ ਪਾਠਕਾਂ ਦੀ ਝੋਲੀ ਵਿਚ ਪਾ ਕੇ ਭਾਈ ਵੀਰ ਸਿੰਘ ਜੀ ਦੀ ਉਚ ਦਮਾਲੜੀ ਸ਼ਖ਼ਸੀਅਤ ਨੂੰ ਹੋਰ ਰੋਸ਼ਨਾਇਆ ਹੈ।

ਡਾ.ਪਰਮਵੀਰ ਸਿੰਘ ਦੀ ਖੋਜ਼ ਭਰਪੂਰ ਕਾਰਜ-ਸ਼ੈਲੀ ਨੂੰ ਮੈਂ ਲੰਬੇ ਅਰਸੇ ਤੋਂ ਨਿਜਰੂਪ ਵਿਚ ਵੇਖਿਆ ਪਰਖਿਆ ਹੈ। ਉਹਨਾਂ ਨੂੰ ਨਵੇਂ-ਨਵੇਂ ਖੋਜ਼ ਕਾਰਜ ਕਰਨ ਸਮੇਂ ਆਪ ਗਵਾਈਐ ਤਾ ਸਹੁ ਪਾਈਐ ਦੀ ਭਾਵਨਾ ਸਨਮੁੱਖ ਹਰ ਕਿਸਮ ਦੇ ਜੋਖਮ ਭਰੇ ਕਾਰਜਾਂ ਲਈ ਏ.ਸੀ. ਕਮਰਿਆਂ ਵਿਚ ਬੈਠਣ ਦੀ ਥਾਂ ਵੱਖ-ਵੱਖ ਥਾਵਾਂ ਤੇ ਜਾ ਕੇ ਲਾਇਬਰੇਰੀਆਂ, ਸੰਸਥਾਵਾਂ ਤੇ ਨਿਜ ਵਿਦਵਾਨਾਂ ਕੋਲ ਜਾ ਕੇ ਸਲਾਹ ਮਸ਼ਵਰੇ ਕਰਨਾ ਅਤੇ ਲੋੜੀਂਦੀ ਸਮਗਰੀ ਦੀਆਂ ਨਿੱਜ ਖਰਚੇ ਤੇ ਫੋਟੋ ਕਾਪੀਆ ਕਰਕੇ ਉਨ੍ਹਾਂ ਦੀ ਲੋੜ੍ਹ ਅਨੁਸਾਰ ਵਰਤੋਂ ਕਰਨਾ ਉਹਨਾਂ ਦੇ ਜੀਵਨ ਦਾ ਅਹਿਮ ਹਿੱਸਾ ਤੇ ਮੀਰੀ ਗੁਣ ਹੈ। ਸ਼ਾਇਦ ਏਸੇ ਲਈ ਉਹ ਅੱਜ ਗੁਰਮਤਿ ਸਾਹਿੱਤ ਖੇਤਰ ਦੀ ਮੋਹਰਲੀ ਕਤਾਰ ਵਿਚ ਖੜੋਤੇ ਹਨ। ਪਰ ਵਧੇਰੇ ਖੁਸ਼ੀ ਦੀ ਗਲ ਹੈ ਕਿ ਹੁਣ ਡਾ.ਕੁਲਵਿੰਦਰ ਸਿੰਘ ਵੀ ਉਹਨਾਂ ਦੇ ਨਕਸ਼ੇ ਕਦਮਾਂ ਤੇ ਚਲਣ ਵਾਲੇ ਇਕ ਹੋਰ ਸਿਰੜੀ ਵਿਦਵਾਨ ਸਾਡੇ ਸਨਮੁੱਖ ਹਨ।

ਡਾ.ਕੁਲਵਿੰਦਰ ਸਿੰਘ ਜਿਥੇ ਆਪਣੇ ਮਿਲਣਸਾਰ ਸੁਭਾਅ ਅਤੇ ਸੇਵਾ ਭਾਵਨਾ ਵਾਲੇ ਹੋਣਕਾਰਨ ਬਹੁਤ ਹੀ ਹਰਮਨ ਪਿਆਰੇ ਹਨ ਓਥੇ ਉਨ੍ਹਾਂ ਨੂੰ ਕਰੜੇ ਸੁਭਾਅ ਵਾਲੇ ਪ੍ਰਬੁਧ ਵਿਦਵਾਨ ਡਾ.ਹਰਭਜਨ ਸਿੰਘ ਜੀ ਨਾਲ ਲੰਮਾਂ ਸਮਾਂ ਖੋਜ਼ ਕਾਰਜ ਕਰਨ ਦਾ ਅਵਸਰ ਪ੍ਰਾਪਤ ਰਿਹਾ ਹੈ।

ਹੱਥਲੀ ਪੁਸਤਕ ਭਾਈ ਵੀਰ ਸਿੰਘ ਜੀ ਅਪ੍ਰਕਾਸ਼ਤ ਪੱਤਰ ਤੋਂ ਇਲਾਵਾ ਇਹਨਾਂ ਦੋਵਾਂ ਵਿਦਵਾਨਾਂ ਤੋਂ ਭਵਿੱਖ ਵਿਚ ਵਧੇਰੇ ਮੁਲਵਾਨ ਸਮਗਰੀ ਪ੍ਰਾਪਤ ਹੋਣ ਦੀ ਆਸ ਪੂਰੀ ਹੋਣ ਦੀ ਸੰਭਾਵਨਾ ਹੈ।

ਖੂਬਸੂਰਤੀ ਇਹ ਹੈ ਕਿ ਦੋਵਾਂ ਵਿਦਵਾਨਾਂ ਨੇ ਭਾਈ ਵੀਰ ਸਿੰਘ ਜੀ ਦੇ ਪ੍ਰਾਪਤ ਅਪ੍ਰਕਾਸ਼ਤ ਪੱਤਰਾਂ ਨੂੰ ਕਠਨ ਘਾਲਣਾਂ ਘਾਲਦਿਆਂ ਪੰਜ ਭਾਗਾਂ ਵਿਚ ਵੰਡਿਆ ਹੈ। 1. ਗੁਰਮਤਿ ਸਿਧਾਂਤ ਪੱਤਰ ਜਿਸ ਵਿਚ ੳ ਤੋਂ ਛ ਤਕ 12 ਕਿਸਮਾਂ ਦੇ ਪੱਤਰ ਹਨ 2. ਇਤਿਹਾਸਕ ਪੱਤਰ 3. ਗੁਰਮਤਿ ਸਾਂਝਾ ਪੱਤਰ 4. ਸ਼ੋਕ-ਨਿਵਾਰਣ ਪੱਤਰ ਅਤੇ 5. ਫੁੱਟਕਲ ਪੱਤਰ। ਇਹਨਾਂ ਸੰਪਾਦਤ ਸਾਰੇ ਪੱਤਰਾਂ ਦਾ ਗੰਭੀਰਤਾ ਨਾਲ ਅਧਿਐਨ ਕਰਨ ਉਪਰੰਤ ਇਹ ਤੱਥ ਉਘੜਕੇ ਸਾਡੇ ਸਨਮੁੱਖ ਆਉਂਦਾ ਹੈ ਕਿ ਭਾਈ ਵੀਰ ਸਿੰਘ ਜੀ ਜਿਥੇ ਉਚ ਕੋਟੀ ਦੇ ਸਾਹਿਤਕਾਰ ਤੇ ਰਈਸ ਘਰਾਣੇ ਨਾਲ ਸੰਬੰਧਤ ਸਨ ਓਥੇ ਉਹ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੇ ਵਾਲਾਂ ਤੱਕ ਆਮ ਲੋਕਾਂ ਦੀਆਂ ਸਮਸਿਆਵਾਂ ਨਾਲ ਡੂੰਘੀ ਸਾਂਝ ਰੱਖਦੇ ਸਨ ਅਤੇ ਉਹਨਾਂ ਸਮਸਿਆਵਾਂ ਨੂੰ ਗੁਰਮਤਿ ਆਸ਼ੇ ਅਨੁਸਾਰ ਸਹਿਜ ਭਾਵ ਨਾਲ ਸੁਲਝਾ ਵੀ ਦਿੰਦੇ ਸਨ। ਇਸ ਦਾ ਪ੍ਰਮਾਣ ਹੈ ਆਪ ਜੀ ਵਲੋਂ ਪੱਤਰਾਂ ਦੀ ਸਤਿਕਾਰ ਤੇ ਪਿਆਰ ਭਰੀ ਸੰਬੋਧਨੀ ਸ਼ਬਦਾਵਲੀ ਅਤੇ ਗੁਰਬਾਣੀ ਆਧਾਰਤ ਪੱਤਰਾਂ ਦੀ ਇਬਾਰਤ। ਏਹੋ ਕਾਰਨ ਹੈ ਕਿ ਇਹ ਪੱਤਰ ਜਿਸ ਵੀ ਸਾਕ-ਸਨਬੰਧੀ, ਮਿੱਤਰ ਪਿਆਰੇ, ਸਤਿਸੰਗੀ ਆਦਿ ਨੂੰ ਲਿਖੇ ਗਏ ਹਨ ਉਹ ਪੜ੍ਹ ਕੇ ਨਾ ਕੇਵਲ ਧਰਵਾਸ ਤੇ ਸਾਹਸ ਹੀ ਪ੍ਰਾਪਤ ਕਰਦਾ ਸੀ ਬਲਕਿ ਇਹ ਪੱਤਰ ਦੂਸਰਿਆਂ ਦਾ ਜੀਵਨ ਸੰਵਾਰਨ, ਸ਼ਿੰਗਾਰਨ ਤੇ ਉਭਾਰਨ ਲਈ ਮਾਰਗ ਦਰਸ਼ਨ ਕਰਨ ਦੀ ਭੂਮਿਕਾ ਨਿਭਾਉਣ ਵਾਲੇ ਸਰੋਤ ਬਣ ਜਾਂਦੇ ਸਨ।

ਅਜਿਹੇ ਪੱਤਰਾਂ ਦਾ ਸੰਪਾਦਨ ਕਾਰਜ ਕਰਨਾ ਕੋਈ ਸੁਗਮ ਕਾਰਜ ਨਹੀਂ ਹੁੰਦਾ ਬਹੁਤ ਸਾਵਧਾਨੀ ਵਰਤਣੀ ਪੈਂਦੀ ਹੈ।

ਸੰਪਾਦਨ ਪ੍ਰਕਿਰਿਆ ਵਿਚੋਂ ਗੁਜਰਦਿਆਂ ਕੁੱਝ ਗੱਲਾਂ ਵੱਲ ਵਿਸ਼ੇਸ਼ ਧਿਆਨ ਰੱਖਣ ਦਾ ਜਤਨ ਕੀਤਾ ਗਿਆ ਹੈ, ਜਿਵੇਂ ਪਹਿਲਾਂ ਪ੍ਰਕਾਸ਼ਿਤ ਹੋਏ ਪੱਤਰਾਂ ਵਿਚੋਂ ਕਿਸੇ ਪੱਤਰ ਦੇ ਦੁਹਰਾਓ ਦੀਆ ਸੰਭਾਵਨਾਵਾਂ ਨੂੰ ਘੱਟ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਹ ਤੇ ਓਹ, ਉਨ੍ਹਾਂ ਤੇ ਉਹਨਾਂ, ਅਭਿਆਸ ਤੇ ਅਭਯਾਸ, ਅੰਮ੍ਰਤ, ਅਮ੍ਰਿਤ ਤੇ ਅੰਮ੍ਰਿਤ, ਸਾਈਂ, ਸਾਂਈ ਤੇ ਸਾਂਈਂ, ਤਰਾਂ ਤੇ ਤਰ੍ਹਾਂ, ਪਿਆਰ ਤੇ ਪਯਾਰਠ, ਫਤਹ, ਫਤਹਿ ਤੇ ਫਤੈ, ਰਹਿੰਦਾ ਤੇ ਰਹੰਦਾ ਆਦਿ ਸ਼ਬਦਾਂ ਨੂੰ ਪ੍ਰਾਪਤ ਪਾਠ ਅਨੁਸਾਰ ਹੀ ਰੱਖਿਆ ਜਾਵੇ। ਪਿੰਡਾਂ, ਸ਼ਹਿਰਾਂ ਤੇ ਵਿਅਕਤੀਆਂ ਦੇ ਨਾਵਾਂ ਨੂੰ ਇਕਰੂਪ ਕਰ ਦਿੱਤਾ ਜਾਵੇ ਤਾਂ ਕਿ ਤਤਕਰਾ ਵਾਚਣ ਵਾਲੇ ਨੂੰ ਸੁਵਿਧਾ ਰਹੇ। ਇਸੇ ਤਰ੍ਹਾਂ ਭਵਿੱਖਤ ਉਲਝਣਾਂ ਤੋਂ ਬਚਣ ਲਈ ਪੱਤਰਾਂ ਦੀਆਂ ਮਿਤੀਆਂ ਨੂੰ ਪੂਰਾ ਅੰਕਿਤ ਕੀਤਾ ਜਾਵੇ। ਗੁਰਬਾਣੀ ਦੀ ਸ਼ੁਧਤਾ ਨੂੰ ਬਹਾਲ ਰਖਿਆ ਜਾਵੇ ਅਤੇ ਸੰਪਾਦਕੀ ਬਰੈਕਟਾਂ ਜਾਂ ਫੁੱਟ ਨੋਟਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਵਾਲਾ ਦਿੱਤਾ ਜਾਵੇ। ਸੰਪਾਦਨਾ ਸਮੇਂ ਸ਼ਾਮਲ ਕੀਤੇ ਪਾਠ ਨੂੰ ਬਰੈਕਟਾਂ ਵਿਚ ਹੀ ਦਿੱਤਾ ਜਾਵੇ। ਪਾਠ ਨੂੰ ਸਮਝਣ ਦੀ ਸੁਵਿਧਾ ਹਿੱਤ ਲੋੜ ਅਨੁਸਾਰ ਵਿਸ਼ਰਾਮ ਚਿੰਨ੍ਹਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਲੋੜ ਅਨੁਸਾਰ ਵਰਤੋਂ ਵੀ ਕਰ ਲਈ ਜਾਵੇ।

ਲਗਭਗ 40 ਸਫ਼ਿਆਂ ਦੀ ਭੂਮਿਕਾ ਤੋਂ ਇਲਾਵਾ 340 ਪੰਨਿਆਂ ਦੀ ਇਹ ਪੁਸਤਕ ਭਾਈ ਵੀਰ ਸਿੰਘ ਅਪ੍ਰਕਾਸ਼ਿਤ ਪੱਤਰ ਭਾਈ ਵੀਰ ਸਿੰਘ ਜੀ ਦੀ ਉਚ ਦਮਾਲੜੀ ਸ਼ਖ਼ਸ਼ੀਅਤ, ਉਨ੍ਹਾਂ ਦਾ ਆਮ ਲੋਕ ਜੀਵਨ ਨਾਲ ਸਬੰਧ ਅਤੇ ਲਿਖਣ ਕਾਰਜ-ਸ਼ੈਲੀ ਆਦਿ ਨੂੰ ਸਮਝਣ ਸਮਝਾਉਣ ਲਈ ਸੁਚਜਾ ਮਾਰਗ ਦਰਸ਼ਨ ਕਰਨ ਵਾਲੀ ਹੈ।

ਇਸ ਸੁਚਜੇ ਕਾਰਜ ਲਈ ਮੈਂ ਦਿਲ ਦੀਆ ਡੂੰਘਾਈਆਂ ਵਿਚੋਂ ਆਪਣੇ ਇਨ੍ਹਾਂ ਦੋਵਾਂ ਪਿਆਰੇ ਅਜ਼ੀਜ਼ ਸੰਪਾਦਕਾਂ ਡਾ.ਪਰਮਵੀਰ ਸਿੰਘ ਜੀ ਅਤੇ ਡਾ.ਕੁਲਵਿੰਦਰ ਸਿੰਘ ਨੂੰ ਮੁਬਾਰਕਬਾਦ ਦੇਣ ਲਈ ਮਾਣ ਮਹਿਸੂਸ ਕਰਦਿਆਂ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਇਨ੍ਹਾਂ ਨੂੰ ਅਜਿਹੇ ਵਡਮੁੱਲੇ ਕਾਰਜ ਕਰਨ ਲਈ ਅਸੀਸ ਬਖਸ਼ਣ।

***ਮੁੱਖ ਸੰਪਾਦਕ, ਖਾਲਸਾ ਐਡਵੋਕੇਟ ਅਤੇ ਨਿਰਗੁਣੀਆਰਾ**

## ਦੀਵਾਨ ਦੇ ਸਕੂਲਾਂ ਵਿਚ ਨਵੀਂ ਟੈਕਨਾਲਿਜੀ ਅਧਾਰਿਤ ਇੰਟਰੈਕਟਿਵ ਫਲੈਟ ਪੈਨਲ ਲਗਣਗੇ
## ਨਵੇਂ ਟੀਚਿੰਗ ਸਾਧਨ ਤੇ ਉਪਕਰਨ ਅਪਨਾਉਣਾ ਸਮੇਂ ਦੀ ਮੁੱਖ ਲੋੜ - ਡਾ. ਨਿੱਜਰ



ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਆਧੁਨਿਕ ਤਕਨੀਕੀ ਯੁੱਗ ਦਾ ਹਾਨੀ ਬਣਦਿਆਂ ਸੀ.ਕੇ.ਡੀ ਸਕੂਲਾਂ ਵਿਚ ਨਵੀਂ ਟੈਕਨਾਲਿਜੀ ਅਧਾਰਿਤ ਇੰਟਰੈਕਟਿਵ ਫਲੈਟ ਪੈਨਲ ਲਗਾਉਣ ਦੀ ਤਿਆਰੀ ਕੀਤੀ ਜਾ ਚੁੱਕੀ ਹੈ। ਇਸ ਮੰਤਵ ਦੀ ਪੂਰਤੀ ਲਹੀ ਦੀਵਾਨ ਦੇ ਸੰਬੰਧਤ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ, ਸਕੂਲ ਮੈਂਬਰ ਇੰਚਾਰਜ, ਅਧਿਆਪਕਾਂ ਨੂੰ ਇਸ ਨਵੇਂ ਅਤਿ ਆਧੁਨਿਕ ਵਿਦਿਅਕ ਸਾਧਨ ਦੀ ਸਹੀ ਢੰਗ ਨਾਲ ਵਰਤੋ ਕਰਨ ਅਤੇ ਇਸ ਵਿਚ ਲਗਾਏ ਗਏ ਐਪਸ ਅਤੇ ਸਾਫਟਵੇਅਰਜ਼ ਬਾਬਤ ਵਿਸਥਾਪੂਰਵਕ ਸਿਖਲਾਈ ਦੇਣ ਲਈ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਲਗਾਤਾਰ ਬਦਲਦੇ ਤਕਨੀਕੀ ਯੁੱਗ ਵਿਚ ਨਵੀਨ ਟੀਚਿੰਗ ਲਰਨਿੰਗ ਸਾਧਨਾਂ ਨੂੰ ਅਤੇ ਉਪਕਰਨਾਂ ਨੂੰ ਅਪਣਾਉਣਾ ਸਮੇਂ ਦੀ ਮੁੱਖ ਲੋੜ੍ਹ ਹੈ। ਉਹਨਾਂ ਨੇ ਕਿਹਾ ਕਿ ਰਿਵਾਇਤੀ ਉਪਕਰਨਾਂ ਦੀਆਂ ਸਾਰੀਆਂ ਤਕਨੀਕੀ ਕਮੀਆਂ ਨੂੰ ਦੂਰ ਕਰਨ ਵਾਲਾ ਇਹ ਉੱਚ ਤਕਨੀਕੀ ਇੰਟਰੈਕਟਿਵ ਫਲੈਟ ਪੈਨਲ ਕਿਸੇ ਵੀ ਟੈਕਨੋਲਿਜੀ ਤੋ ਬਹੁਤ ਅੱਗੇ ਹੈ ਜਿਸ ਰਾਹੀਂ ਵਿਦਿਆਰਥੀਆਂ ਨੂੰ ਕਿਸੇ ਵੀ ਔਖੇ ਵਿਸ਼ੇ ਨੂੰ ਬਹੁਤ ਸਰਲ, ਸਹਿਜ ਅਤੇ ਦਿਲਚਸਪੀ ਨਾਲ ਸਿਖਾਇਆ ਜਾ ਸਕਦਾ ਹੈ। ਵਰਕਸ਼ਾਪ ਦੌਰਾਨ ਮਾਹਿਰਾਂ ਨੇ ਇੰਟਰੈਕਟਿਵ ਫਲੈਟ ਪੈਨਲ ਦੀਆਂ ਐਪਸ ਅਤੇ ਸਾਫਟਵੇਅਰ ਦੀ ਵਰਤੋ ਕਰਦਿਆਂ ਟੀਚਿੰਗ ਲਰਨਿੰਗ ਦੇ ਆਸਾਨ ਤਰੀਕਿਆਂ, ਪਾਠਕ੍ਰਮ ਯੋਜਨਾਬੰਦੀ, ਵੀਡੀਓਜ਼ ਅਤੇ ਚਿੱਤਰਾਂ ਰਾਹੀਂ ਪੜ੍ਹਾਉਣ, ਅਕਰਸ਼ਕ ਲਿਖਤਾਂ ਦੀਆਂ ਸ਼ੈਲੀਆਂ, ਪੈਨਲ ਨੂੰ ਲੈਪਟਾਪ ਅਤੇ ਇੰਟਰਨੈਟ ਰਾਹੀਂ ਕੁਨੈਕਟ ਕਰਨ, ਆਪਣੇ ਮੋਬਾਇੱਲ ਨੂੰ ਕਿਊਆਰ ਕੋਡ ਰਾਹੀਂ ਪੈਨਲ ਨਾਲ ਕੁਨੈਕਟ ਕਰਨ ਆਦਿ ਦੀਆਂ ਵਿਸ਼ੇਸ਼ਤਾਵਾਂ ਅਤੇ ਤਰੀਕਿਆਂ ਬਾਰੇ ਦੱਸਿਆ ਗਿਆ। ਇਸ ਮੋਕੇ ਡਾਇਰੈਕਟਰ ਓਪਰੇਸ਼ਨ ਡਾ.ਅੰਮ੍ਰਿਤਪਾਲ ਸਿੰਘ ਚਾਵਲਾ ਨੇ ਕਿਹਾ ਕਿ ਛੇਤੀਂ ਹੀ ਇੰਟਰੈਕਟਿਵ ਫਲੈਟ ਪੈਨਲ ਦੀ ਸਰਲ ਵਰਤੋਂ ਸਿਖਾਉਣ ਹਿੱਤ ਸਕੂਲਾਂ ਵਿਚ ਟੀਚਰ ਟਰੇਨਿੰਗ ਪ੍ਰੋਗਰਾਮ ਲਗਾਏ ਜਾਣਗੇ। ਇਸ ਮੋਕੇ ਮੈਂਬਰ ਇੰਚਾਰਜਾਂ ਨੇ ਦੀਵਾਨ ਮੈਨੇਜਮੈਂਟ ਵੱਲੋਂ ਸਿੱਖਿਆ ਨੂੰ ਤਕਨੀਕੀ ਰੂਪ ਵਿਚ ਅਪਗ੍ਰੇਡ ਕਰਨ ਦੇ ਅਜਿਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਆਸ ਕੀਤੀ ਕਿ ਇਹ ਨਵੀਨ ਵਿਦਿਅਕ ਸਾਧਨ ਅਧਿਆਪਕਾਂ ਦੇ ਪੜ੍ਹਾਉਣ ਅਤੇ ਵਿਦਿਆਰਥੀਆਂ ਦੇ ਸਿਖਣ ਦੇ ਤਰੀਕਿਆਂ ਵਿਚ ਸਾਕਾਰਾਤਮਕ ਤਬਦੀਲੀ ਕਰਦਿਆਂ ਬੱਚਿਆਂ ਦੀ ਕਾਬਲੀਅਤ ਅਤੇ ਯੋਗਤਾ ਨੂੰ ਵੱਡੇ ਪੱਧਰ ਤੇ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਵੇਗਾ। ਇਸ ਮੋਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਆਨਰੇਰੀ ਜੁਆਇੰਟ ਸਕੱਤਰ ਐਡੀ.ਆਨਰੇਰੀ ਸਕੱਤਰਾਂ ਵਿਚ ਸ਼ਾਮਲ ਸ੍ਰ.ਹਰਜੀਤ ਸਿੰਘ (ਤਰਨਤਾਰਨ) ਅਤੇ ਸ੍ਰ.ਜਸਪਾਲ ਸਿੰਘ ਢਿੱਲੋਂ, ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ ਚਾਵਲਾ ਸਿਖਲਾਈ ਦੇਣ ਵਾਲੇ ਮਾਹਿਰ ਸ੍ਰ.ਹਰਪ੍ਰੀਤ ਸਿੰਘ, ਸ੍ਰੀ ਲਲਿਤ ਤਨੇਜਾ, ਸੁਸੀਲ ਕੁਮਾਰ ਸਮੇਤ ਵੱਡੀ ਗਿਣਤੀ ਵਿਚ ਦੀਵਾਨ ਸਕੂਲਾਂ ਦੇ ਮੈਂਬਰ ਇੰਚਾਰਜ, ਪ੍ਰਿੰਸੀਪਲਜ਼ ਅਤੇ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਸ੍ਰੀਮਤੀ ਅਨੂਰੀਤ ਕੌਰ ਨੇ ਝਬਾਲ ਸਕੂਲ ਦੇ ਪ੍ਰਿੰਸੀਪਲ ਦਾ ਸੰਭਾਲਿਆ ਅਹੁਦਾ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਸ੍ਰੀਮਤੀ ਅਨੂਰੀਤ ਕੌਰ ਵੱਲੋਂ ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ ਗਿਆ। ਇਸ ਅਵਸਰ ਤੇ ਸਕੂਲ ਦੀ ਬੈਂਡ ਟੀਮ, ਐਨ.ਸੀ.ਸੀ. ਕੈਡਿਟ ਅਤੇ ਸਮੂਹ ਸਟਾਫ ਵੱਲੋਂ ਉਹਨਾਂ ਦਾ ਭਰਵਾਂ ਸੁਆਗਤ ਕੀਤਾ ਗਿਆ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਜਤਿੰਦਰਬੀਰ ਸਿੰਘ ਬਹਿਲ, ਸ੍ਰ.ਰਮਣੀਕ ਸਿੰਘ ਫਰੀਡਮ ਅਤੇ ਸਕੂਲ ਦੇ ਹੈਡ ਸਿਮਰਪ੍ਰੀਤ ਕੌਰ ਵੱਲੋਂ ਉਨ੍ਹਾਂ ਨੂੰ ਜੀ ਆਇਆ ਕਹਿੰਦਿਆਂ ਸਨਮਾਨਿਤ ਕੀਤਾ ਗਿਆ।

## ਦੀਵਾਨ ਦੇ ਜੀ.ਟੀ. ਰੋਡ ਸਕੂਲ ਵਿਖੇ ਇਨਾਮ ਵੰਡ ਸਮਾਗਮ




ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ ਟੀ ਰੋਡ ਦੇ ਵਿਖੇ ਸਾਲ 2022-23 ਦੇ ਸੀ.ਬੀ.ਐਸ.ਈ. ਦੀ ਦੱਸਵੀਂ ਜਮਾਤ ਦੇ ਨਤੀਜਿਆਂ ਵਿੱਚ ਮੈਰਿਟ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਹਿਤ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਡਾ: ਰਜਤ ਓਬਰਾਏ ਐਡੀ: ਚੀਫ਼ ਐਡਮਿਨੀਸਟਰੇਟਰ ਅੰਮ੍ਰਿਤਸਰ ਡਿਵੈਲਪਮੈਂਟ ਅਥਾਰਿਟੀ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ. ਜਗਜੀਤ ਸਿੰਘ ਨੇ ਮੁੱਖ ਮਹਿਮਾਨ ਅਤੇ ਆਏ ਹੋਏ ਮਹਿਮਾਨਾਂ ਨੂੰ ਜੀ ਅਇਆਂ ਆਖਿਆ ਅਤੇ ਅਜੋਕੀ ਪੀੜੀ ਨੂੰ ਆਪਣੇ ਅਮੀਰ ਵਿਰਸੇ ਅਤੇ ਕਦਰਾਂ ਕੀਮਤਾਂ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਸਮਾਰੋਹ ਦਾ ਆਰੰਭ ਗੁਰਬਾਣੀ ਦੇ ਸ਼ਬਦ ਸਾਵਣੁ ਆਇਆ ਹੇ ਸਖੀ ਜਲ ਹਰੁ ਬਰਸਨਹਾਰੁ ਨਾਲ ਹੋਇਆ। ਉਪਰੰਤ ਵਿਦਿਆਰਥੀਆਂ ਵੱਲੋਂ ਰੰਗਲੇ ਪੰਜਾਬ ਦਾ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਡਾਂਸ ਕੀ ਬਣੂ ਦੁਨੀਆ ਦਾ ਤੇ ਕੋਰੀਓਗਰਾਫੀ, ਸਾਵਨ ਤੇ ਕਵਿਤਾ ਅਤੇ ਸਕਿੱਟ ਸੂਰਗਾਂ ਵਿੱਚ ਪੰਜਾਬ ਨਹੀ ਹੋਣਾ ਪੇਸ਼ ਕੀਤਾ ਜਿਸ ਰਾਹੀਂ ਵਿਦੇਸ਼ਾਂ ਨੂੰ ਪ੍ਰਵਾਸ ਕਰ ਰਹੀ ਨਸ਼ਿਆਂ ਅਤੇ ਸੋਸ਼ਲ ਮੀਡੀਆ ਦੀ ਮਾਰ ਹੇਠ ਆਈ ਨੌਜੁਆਨੀ ਦੇ ਹਾਲਾਤਾਂ ਤੇ ਚਿੰਤਾ ਪ੍ਰਗਟ ਕੀਤੀ ਗਈ। ਉਪਰੰਤ ਸੀ.ਬੀ.ਐਸ.ਈ. ਦੀ ਪ੍ਰੀਖਿਆ ਵਿੱਚ ਵਧੀਆ ਅੰਕ ਹਾਸਲ ਕਰਨ ਵਾਲੇ ਦੱਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਸਮੂਹ ਅਹੁਦੇਦਾਰਾਂ ਵੱਲੋਂ ਸਾਂਝੇ ਤੌਰ ਤੇ ਸਰਟੀਫਿਕੇਟ ਅਤੇ ਇਨਾਮ ਦਿੱਤੇ ਗਏ। ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਰੇਣੂ ਆਹੂਜਾ, ਮੁੱਖ ਅਧਿਆਪਕਾ ਸ਼੍ਰੀਮਤੀ ਕਵਲਪ੍ਰੀਤ ਕੌਰ, ਸ਼੍ਰੀਮਤੀ ਨਿਸ਼ਚਿੰਤ ਕੌਰ ਅਤੇ ਦੱਸਵੀਂ ਜਮਾਤ ਨੂੰ ਪੜਾਉਣ ਵਾਲੇ ਅਧਿਆਪਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਡਾ: ਰਜਤ ਓਬਰਾਏ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਤੇ ਵਧਾਈ ਦਿੰਦੇ ਹੋਏ ਇਮਾਨਦਾਰੀ ਦੇ ਰਸਤੇ ਤੇ ਚਲ ਕੇ ਹੋਰ ਮਿਹਨਤ ਕਰਨ ਅਤੇ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਚੀਫ਼ ਖ਼ਾਲਸਾ ਦੀਵਾਨ ਦੇ ਜਾਇੰਟ ਸੱਕਤਰ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ. ਸੁਖਜਿੰਦਰ ਸਿੰਘ ਪ੍ਰਿੰਸ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੀਆਂ ਗਈਆਂ ਮਾਣ ਮੱਤੀਆਂ ਸਫਲਤਾਵਾਂ ਦਾ ਸਿਹਰਾ ਬੱਚਿਆਂ ਦੀ ਸਖ਼ਤ ਮਿਹਨਤ ਅਤੇ ਉਹਨਾਂ ਦੇ ਭਵਿੱਖ ਦੀ ਨੀਂਹ ਰੱਖਣ ਵਾਲੇ ਅਧਿਆਪਕਾਂ ਸਿਰ ਜਾਂਦਾ ਹੈ।ਉਹਨਾਂ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ: ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ: ਸਵਿੰਦਰ ਸਿੰਘ ਕੱਥੂਨੰਗਲ ਵਲੋਂ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਇਸ ਸਫਲਤਾ ਲਈ ਵਧਾਈ ਦਿੰਦੇ ਹੋਏ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰ. ਮਨਦੀਪ ਸਿੰਘ ਨੇ ਬਾਕੀ ਵਿਦਿਆਰਥੀਆਂ ਨੂੰ ਵੀ ਸਖ਼ਤ ਮਿਹਨਤ ਕਰਕੇ ਚੰਗੇ ਅੰਕ ਹਾਸਲ ਕਰਨ ਦੀ ਸਿਖਿਆ ਦਿੱਤੀ । ਪ੍ਰੋਗਰਾਮ ਦੌਰਾਨ ਮੀਤ ਪ੍ਰਧਾਨ ਅਤੇ ਮੈਬਰ ਇੰਚਾਰਜ ਸਕੂਲ ਸ੍ਰ. ਜਗਜੀਤ ਸਿੰਘ, ਰੈਜੀਡੈਂਟ ਪ੍ਰੈਜੀਡੈਂਟ ਸ੍ਰ. ਸੰਤੋਖ ਸਿੰਘ ਸੇਠੀ, ਜਾਇੰਟ ਸੱਕਤਰ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ੍ਰ. ਸੁਖਜਿੰਦਰ ਸਿੰਘ ਪ੍ਰਿੰਸ, ਵਧੀਕ ਸੱਕਤਰ ਸ੍ਰ. ਜਸਪਾਲ ਸਿੰਘ ਢਿੱਲੋਂ, ਸ੍ਰੀਮਤੀ ਕਿਰਨਜੋਤ ਕੌਰ, ਡਾਇਰੈਕਟਰ ਓਪਰੇਸ਼ਨਜ਼ ਡਾ: ਅੰਮ੍ਰਿਤਪਾਲ ਸਿੰਘ ਚਾਵਲਾ, ਡਾਇਰੈਕਟਰ ਐਲਫਾ ਸਿਟੀ ਸ਼੍ਰੀ ਰਾਜੇਸ਼ ਅਰੋੜਾ, ਪ੍ਰਿੰਸੀਪਲ ਮਨਦੀਪ ਸਿੰਘ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਰੇਣੂ ਆਹੂਜਾ, ਮੁੱਖ ਅਧਿਆਪਕਾ ਸ਼੍ਰੀਮਤੀ ਕਵਲਪ੍ਰੀਤ ਕੌਰ, ਸ਼੍ਰੀਮਤੀ ਨਿਸ਼ਚਿੰਤ ਕੌਰ, ਸ਼੍ਰੀਮਤੀ ਰਵਿੰਦਰ ਕੌਰ, ਸ਼੍ਰੀਮਤੀ ਮਨਵਿੰਦਰ ਕੌਰ, ਅਧਿਆਪਕ ਸਾਹਿਬਾਨ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ । ਇਸ ਸਮਾਗਮ ਵਿੱਚ ਅੱਵਲ ਆਏ ਵਿਦਿਆਰਥੀਆਂ ਦੇ ਮਾਪੇ ਬੱਚਿਆਂ ਦੀ ਕਾਮਯਾਬੀ ਦੇ ਖੁਬਸੂਰਤ ਪਲਾਂ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਵਿਸ਼ੇਸ਼ ਤੌਰ ਤੇ ਪੁੱਜੇ ।

## ਬੁਰਜ ਮਰਹਾਣਾ ਸਕੂਲ ਵਿਖੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬੰਧੀ ਸੈਮੀਨਾਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬੁਰਜ ਮਰਹਾਣਾ ਵਿਖੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬੰਧੀ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਜਿਲ੍ਹਾ ਤਰਨਤਾਰਨ ਦੇ ਟ੍ਰੈਫਿਕ ਇੰਚਾਰਜ ਏ.ਐਸ.ਆਈ ਸ੍ਰ.ਮੁਖਤਿਆਰ ਸਿੰਘ ਵੱਲੋਂ ਸਕੂਲ ਦੀਆਂ ਵੈਨਾਂ ਚਲਾਉਣ ਵਾਲੇ ਡਰਾਈਵਰਾਂ ਅਤੇ ਦਸਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਟ੍ਰੈਫਿਕ ਨਿਯਮਾਂ ਤੋਂ ਜਾਣੂੰ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਹਰ ਸਾਲ ਸੜਕ ਹਾਦਸਿਆਂ ਵਿਚ ਵਾਧਾ ਹੋ ਰਿਹਾ ਹੈ ਜਿਸ ਦਾ ਮੁੱਖ ਕਾਰਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨਾ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਡਰਾਈਵਰਾਂ ਤੋਂ ਪ੍ਰਣ ਕਰਵਾਇਆ ਕਿ ਸੜਕ ਉੱਪਰ ਚੱਲਣ ਸਮੇਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਸਾਡਾ ਨਿੱਜੀ ਕਰਤੱਵ ਬਣਦਾ ਹੈ। ਸਕੂਲ ਦੇ ਪ੍ਰਿੰਸੀਪਲ ਸ੍ਰ.ਹਰਤਾਜ ਸਿੰਘ ਸਿੱਧੂ ਨੇ ਟ੍ਰੈਫਿਕ ਇੰਚਾਰਜ ਦਾ ਸਕੂਲ ਪਹੁੰਚਣ ਤੇ ਧੰਨਵਾਦ ਕੀਤਾ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਕੁਲਜੀਤ ਸਿੰਘ ਤਲਵਾਰ, ਸ੍ਰ.ਕੰਵਰਦੀਪ ਸਿੰਘ, ਸ੍ਰ.ਰਵਿੰਦਰ ਸਿੰਘ ਅਤੇ ਸ੍ਰ.ਬਲਦੇਵ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।



## ਦੀਵਾਨ ਵਲੋਂ ਚੰਦਰਯਾਨ-3 ਦੀ ਚੰਦਰਮਾ ਤੇ ਸ਼ਾਨਦਾਰ ਸਫ਼ਲ ਲੈਂਡਿੰਗ ਲਈ ਖੁਸ਼ੀ ਦਾ ਪ੍ਰਗਟਾਵਾ ਸਿੱਖ ਦਸਤਾਰਧਾਰੀ ਵਿਗਿਆਨੀ ਦੇ ਯੋਗਦਾਨ ਦੀ ਭਰਪੂਰ ਪ੍ਰਸੰਸਾ

ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਦਫ਼ਤਰ ਵਿਖੇ ਹੋਈ ਵਿਸ਼ੇਸ਼ ਇਕੱਤਰਤਾ ਦੌਰਾਨ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਨੇ ਭਾਰਤ ਦੇ ਚੰਦਰਯਾਨ-3 ਦੇ ਚੰਦਰਮਾ ਤੇ ਉਤਰਨ ਦੀ ਸ਼ਾਨਦਾਰ ਅਤੇ ਇਤਿਹਾਸਕ ਸਫਲਤਾ ਤੇ ਖੁਸ਼ੀ ਪ੍ਰਗਟ ਕਰਦਿਆਂ ਵਧਾਈ ਦਿੱਤੀ। ਇਸ ਮੌਕੇ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਚੰਦਰਮਾ ਤੇ ਪੁੱਜਣ ਵਾਲਾ ਚੌਥਾ ਅਤੇ ਇਸ ਦੇ ਦੱਖਣੀ ਧਰੂਵ ਤੇ ਪੁੱਜਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਉਹਨਾਂ ਨੇ ਇਸ ਵੱਡੇ ਪਸਾਰਾਂ ਵਾਲੀ ਗੌਰਵਮਈ ਸਫਲਤਾ ਦਾ ਸਿਹਰਾ ਮਿਸ਼ਨ ਨੂੰ ਸਮਰਪਿਤ ਭਾਰਤੀ ਪੁਲਾੜ ਖੋਜ਼ ਸੰਸਥਾ ਅਤੇ ਦੇਸ਼ ਦੇ ਵਿਗਿਆਨੀਆਂ ਦੀ ਦਿਨ-ਰਾਤ ਦੀ ਅਣਥਕ ਮਿਹਨਤ, ਉਹਨਾਂ ਦੇ ਉਤਸ਼ਾਹ, ਦ੍ਰਿੜ ਇਰਾਦੇ ਅਤੇ ਵਿਸ਼ਵਾਸ ਨੂੰ ਪਾਇਆ ਜਿੰਨਾਂ ਨੇ ਦੁਨੀਆਂ ਦੇ ਪੁਲਾੜ ਇਤਿਹਾਸ ਵਿਚ ਭਾਰਤ ਦਾ ਨਾਮ ਸੁਨਹਿਰੇ ਅੱਖਰਾਂ ਵਿਚ ਦਰਜ ਕੀਤਾ ਹੈ ਅਤੇ ਭਾਰਤ ਨੂੰ ਪੁਲਾੜ ਜਗਤ ਦੀ ਵੱਡੀ ਸ਼ਕਤੀ ਵਜੋਂ ਉਭਾਰਦਿਆਂ ਇਸ ਦਾ ਗੌਰਵ ਅਤੇ ਮਾਨ-ਸਨਮਾਨ ਹੋਰ ਵੀ ਉੱਚਾ ਕੀਤਾ ਹੈ। ਉਹਨਾਂ ਨੇ ਕਿਹਾ ਕਿ ਸਮੂੰਹ ਦੇਸ਼ ਵਾਸੀਆ ਨੂੰ ਆਪਣੇ ਵਿਗਿਆਨੀਆਂ ਦੀ ਇਸ ਮਹਾਨ ਪ੍ਰਾਪਤੀ ਤੇ ਹਮੇਸ਼ਾਂ



ਮਾਣ ਰਹੇਗਾ। ਸਮੂੰਹ ਅਹੁਦੇਦਾਰਾਂ ਨੇ ਚੰਦਰਯਾਨ-3 ਦੇ ਇਸ ਮਿਸ਼ਨ ਦੀ ਸਫ਼ਲਤਾ ਲਈ ਦਸਤਾਰਧਾਰੀ ਸਿੱਖ ਸਾਇੰਸਦਾਨ ਸ੍ਰ. ਮਹਿੰਦਰਪਾਲ ਸਿੰਘ ਵਲੋਂ ਨਿਭਾਈ ਭੂਮਿਕਾ ਅਤੇ ਯੋਗਦਾਨ ਲਈ ਉਨ੍ਹਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਅਤੇ ਕਿਹਾ ਕਿ ਇਸ ਸਾਇੰਸਦਾਨ ਨੇ ਆਪਣੀ ਲਿਆਕਤ ਦਾ ਲੋਹਾ ਮਨਾਉਂਦਿਆਂ ਸਮੁੱਚੀ ਸਿੱਖ ਕੌਮ ਦਾ ਨਾਮ ਰੋਸ਼ਨ ਕੀਤਾ ਹੈ। ਮੀਟਿੰਗ ਵਿਚ ਹਾਜ਼ਰ ਸਮੂੰਹ ਦੀਵਾਨ ਦੇ ਮੈਂਬਰ ਸਾਹਿਬਾਨਾਂ ਨੇ ਵਿਗਿਆਨੀਆਂ ਦੀ ਇਸ ਕਾਮਯਾਬੀ ਨੂੰ ਨਵੇਂ ਅਧਿਆਏ ਦੀ ਸ਼ੁਰੂਆਤ ਦੱਸਦਿਆਂ ਆਸ ਪ੍ਰਗਟਾਈ ਕਿ ਭਾਰਤ ਵੱਲੋ ਚੰਦਰਮਾ ਤੇ ਭੇਜੇ ਗਏ ਖੋਜ਼ ਯੰਤਰ ਰਾਹੀਂ ਪੁਲਾੜ ਦੇ ਨਵੇਂ ਭੇਦ ਸੁਲਝਾਉਣ, ਵਿਕਾਸ ਦੀਆਂ ਨਵੀਆਂ ਲੀਹਾਂ ਅਤੇ ਹੋਰਨਾਂ ਖੋਜਾਂ ਦੇ ਨਵੇਂ ਨਤੀਜੇ ਉਭਰ ਕੇ ਸਾਹਮਣੇ ਆਉਣਗੇ ਜਿਸ ਨਾਲ ਨਵੀਂ ਪੀੜ੍ਹੀ ਨੂੰ ਹੋਰ ਵਧੇਰੇ ਬਿਹਤਰ ਤਰੀਕੇ ਨਾਲ ਸੋਚਣ-ਸਮਝਣ, ਖੋਜਾਂ ਕਰਨ ਅਤੇ ਹੋਰ ਅੱਗੇ ਵੱਧਣ ਦੀ ਪ੍ਰੇਰਨਾ ਮਿਲੇਗੀ। ਇਸ ਮੌਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਆਨਰੇਰੀ ਐਡੀ ਸਕੱਤਰ ਸ੍ਰ. ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਸ੍ਰ.ਰਮਣੀਕ ਸਿੰਘ ਫਰੀਡਮ, ਪ੍ਰੋ. ਭੂਪਿੰਦਰ ਸਿੰਘ ਸੇਠੀ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ. ਐਸ ਚਾਵਲਾ ਆਦਿ ਮੈਂਬਰ ਹਾਜ਼ਰ ਸਨ।

## ਜੀ.ਟੀ. ਰੋਡ ਸਕੂਲ ਦੀਆਂ ਦੋ ਅਧਿਆਪਕਾਵਾਂ ਦਾ ਵਿਦਾਇਗੀ ਸਮਾਰੋਹ

ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ.ਟੀ.ਰੋਡ ਦੇ ਕਲਗੀਧਰ ਆਡੀਟੋਰੀਅਮ ਵਿਖੇ ਸਕੂਲ ਦੇ ਪ੍ਰਾਇਮਰੀ ਵਿਭਾਗ ਦੀਆਂ ਦੋ ਅਧਿਆਪਕਾਵਾਂ ਸ੍ਰੀਮਤੀ ਵਿਕਟੋਰੀਆ ਵੋਹਰਾ ਅਤੇ ਸ੍ਰੀਮਤੀ ਸੁਨੀਤਾ ਬੱਗਾ ਦੀ ਸੇਵਾ ਮੁਕਤੀ ਮੌਕੇ ਉਹਨਾਂ ਦੇ ਸਨਮਾਨ ਵਿਚ ਵਿਦਾਇਗੀ ਸਮਾਰੋਹ ਦਾ ਆਯੋਜਿਨ ਕੀਤਾ ਗਿਆ। ਇਸ ਸਮਾਰੋਹ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਜੁਆਇੰਟ ਸਕੱਤਰ ਅਤੇ ਸਕੂਲ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਅਤੇ ਦੀਵਾਨ



ਮੈਂਬਰ ਸ੍ਰ.ਗੁਰਪ੍ਰੀਤ ਸਿੰਘ ਸੇਠੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਸਮਾਗਮ ਦਾ ਆਰੰਭ ਸਕੂਲ ਸ਼ਬਦ ਨਾਲ ਕਰਨ ਉਪਰੰਤ ਸਾਥੀ ਅਧਿਆਪਕਾਂਵਾ ਵੱਲੋ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿਚ ਮਨਮੋਹਕ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੋਕੇ ਸਕੂਲ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਰਿਟਾਇਰ ਹੋ ਰਹੀਆਂ ਅਧਿਆਪਕਾਵਾਂ ਵੱਲੋਂ ਸਕੂਲ ਵਿਚ ਲੰਬੇ ਅਰਸੇ ਤੱਕ ਮਿਹਨਤ ਅਤੇ ਸਮਰਪਨ ਭਾਵਨਾ ਨਾਲ ਨਿਭਾਈਆਂ ਗਈਆਂ ਸੇਵਾਵਾਂ ਲਈ ਸ਼ਲਾਘਾ ਕੀਤੀ ਅਤੇ ਉਹਨਾਂ ਨੂੰ ਖੁਸ਼ਹਾਲ, ਸ਼ਾਂਤੀਭਰਪੂਰ ਭਵਿੱਖ, ਸਿਹਤਮੰਦ ਜੀਵਨ ਲਈ ਸ਼ੁਭਕਾਮਨਾਵਾਂ ਦਿੰਦਿਆਂ ਉਹਨਾਂ ਦਾ ਸਨਮਾਨ ਕੀਤਾ। ਸ੍ਰੀਮਤੀ ਵਿਕਟੋਰੀਆ ਵੋਹਰਾ ਅਤੇ ਸ੍ਰੀਮਤੀ ਸੁਨੀਤਾ ਬੱਗਾ ਨੇ ਸਕੂਲ ਪ੍ਰਬੰਧਕਾਂ, ਪ੍ਰਿੰਸੀਪਲ ਸਾਹਿਬ ਅਤੇ ਸਾਥੀ ਅਧਿਆਪਕਾਂ ਦੁਆਰਾ ਉਹਨਾਂ ਨੂੰ ਦਿੱਤੇ ਗਏ ਸਨਮਾਨ, ਸਤਿਕਾਰ ਅਤੇ ਸਹਿਯੋਗ ਲਈ ਧੰਨਵਾਦ ਕੀਤਾ।





## ਤਰਨਤਾਰਨ ਸਕੂਲ ਵਿਖੇ ਸਹਿਜ ਪਾਠ ਦੀ ਆਰੰਭਤਾ











ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਸਹਿਜ ਪਾਠ ਸੇਵਾ ਸੁਸਾਇਟੀ ਅੰਮ੍ਰਿਤਸਰ ਦੇ ਮੁੱਖੀ ਸ੍ਰ. ਰਾਜਪਾਲ ਸਿੰਘ ਦੀ ਅਗਵਾਈ ਹੇਠ ਸਹਿਜ ਪਾਠ ਆਰੰਭ ਕੀਤਾ ਗਿਆ। ਉਨ੍ਹਾਂ ਦੇ ਸਾਥੀਆਂ ਸ੍ਰ. ਦਵਿੰਦਰ ਸਿੰਘ ਅਤੇ ਸ੍ਰ. ਪਰਮਬੀਰ ਸਿੰਘ ਸਮੇਤ ਸਕੂਲ ਦੇ 82 ਵਿਦਿਆਰਥੀਆਂ ਅਤੇ 3 ਅਧਿਆਪਕਾਂ ਨੇ ਅਧਿਆਤਮਿਕ ਯਾਤਰਾ ਸ਼ੁਰੂ ਕਰਨ ਲਈ ਸਹਿਜ ਮਾਰਗ ਦੀ ਸ਼ੁਰੂਆਤ ਕਰਦਿਆਂ ਇਸ ਪਵਿੱਤਰ ਰਸਮ ਦੀ ਸ਼ੁਰੂਆਤ ਬੜੀ ਸ਼ਰਧਾ ਭਾਵਨਾ ਨਾਲ ਕੀਤੀ। ਸਹਿਜ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜੇ ਸਹਿਜੇ ਕੀਤਾ ਪਾਠ, ਇਕ ਪਿਆਰਾ ਅਭਿਆਸ ਹੈ ਜੋ ਵਿਅਕਤੀਆਂ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦੇ ਨੇੜੇ ਲਿਆਉਂਦਾ ਹੈ ਅਤੇ ਅਧਿਆਤਮਿਕਤਾ ਨਾਲ ਡੂੰਘੇ ਸਬੰਧ ਨੂੰ ਉਤਸ਼ਾਹਿਤ ਕਰਦਾ ਹੈ। ਇਸ ਪਵਿੱਤਰ ਕਾਰਜ ਮੌਕੇ ਤੇ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਦੇ ਵਧੀਕ ਆਨਰੇਰੀ ਸਕੱਤਰ, ਸਥਾਨਕ ਕਮੇਟੀ ਦੇ ਪ੍ਰਧਾਨ ਅਤੇ ਮੈਂਬਰ ਇੰਚਾਰਜ ਸ੍ਰ. ਹਰਜੀਤ ਸਿੰਘ ਅਤੇ ਏਸੇ ਤਰ੍ਹਾਂ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਸ੍ਰ. ਗੁਰਿੰਦਰ ਸਿੰਘ ਨੇ ਸਮੂੰਹ ਵਿਦਿਆਰਥੀਆਂ, ਅਧਿਆਪਕਾਂ ਅਤੇ ਸਮੁੱਚੇ ਸਕੂਲ ਭਾਈਚਾਰੇ ਨੂੰ ਉਹਨਾਂ ਦੀ ਆਤਮਿਕ ਤੰਦਰੁਸਤੀ ਲਈ ਇਹ ਸਾਰਥਕ ਕਦਮ ਚੁੱਕਣ ਲਈ ਤਹਿ ਦਿਲੋਂ ਵਧਾਈ ਦਿੱਤੀ। ਏਸੇ ਤਰ੍ਹਾਂ ਮੈਂਬਰ ਇੰਚਾਰਜ ਸ੍ਰ. ਰਣਦੀਪ ਸਿੰਘ ਨੇ ਵੀ ਵਧਾਈ ਦਿੱਤੀ ਅਤੇ ਇਸ ਪਹਿਲ ਕਦਮੀ ਲਈ ਸਮੁੱਚੇ ਸਕੂਲ ਭਾਈਚਾਰੇ ਦੇ ਸਕੂਲ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਨਾਲ ਇਸ ਦੇ ਡੂੰਘੇ ਸਬੰਧ ਦੀ ਸ਼ਲਾਘਾ ਕੀਤੀ। ਸਕੂਲ ਦੇ ਸਤਿਕਾਰਯੋਗ ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਭਾਟੀਆ ਨੇ ਅਧਿਆਤਮਿਕ ਸਿੱਖਿਆ ਨੂੰ ਅਕਾਦਮਿਕ ਸਿੱਖਿਆ ਦੇ ਨਾਲ ਜੋੜਨ ਦੀ ਮਹੱਤਤਾ ਤੇ ਜ਼ੋਰ ਦਿੱਤਾ ਅਤੇ ਸਹਿਜ ਪਾਠ ਕਰਨ ਦੇ ਉਦਮ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਹਾਜ਼ਰੀ ਲਗਵਾਉਣ ਲਈ ਪ੍ਰੰਸਸਾ ਪ੍ਰਗਟਾਉਂਦਿਆਂ ਆਸ ਪ੍ਰਗਟਾਈ ਕਿ ਇਹ ਉਪਰਾਲਾ ਹੋਰਨਾਂ ਨੂੰ ਵੀ ਗੁਰਮਤਿ, ਸਿੱਖਿਅਤ, ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕਰੇਗਾ।

## ਭਗਤਾਂ ਵਾਲਾ ਸਕੂਲ ਦੇ ਹੋਨਹਾਰ ਖਿਡਾਰੀ ਦੀ ਕੌਮੀਂ ਪੱਧਰ ਦੀ ਟੀਮ ਵਿੱਚ ਹੋਈ ਚੋਣ

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਭਗਤਾਂਵਾਲਾ ਹਮੇਸ਼ਾਂ ਤੋਂ ਹੀ ਬੱਚਿ
ਸਰਵਪੱਖੀ ਵਿਕਾਸ ਲਈ ਤੱਤਪਰ ਰਿਹਾ ਹੈ। ਸਕੂਲ ਦੇ ਵਿਦਿਆਰਥੀ ਵੱਖ
ਗਤੀਵਿਧੀਆਂ ਤੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਂਦੇ ਰਹਿੰਦੇ ਹਨ ਤੇ ਜੇਤੂ ਰ
ਇਨਾਮ ਤੇ ਵਜੀਫੇ ਹਾਸਲ ਕਰਦੇ ਹਨ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਦਰਸ਼ਨ
ਸੁਲਤਾਨਵਿੰਡ, ਸ੍ਰ.ਗੁਰਪ੍ਰੀਤ ਸਿੰਘ ਸੇਠੀ ਤੇ ਸ੍ਰ.ਸਰਬਜੋਤ ਸਿੰਘ ਦੇ ਦਿਸ਼ਾ ਨਿ
ਅਨੁਸਾਰ ਪ੍ਰਿੰਸੀਪਲ ਸ੍ਰੀਮਤੀ ਜਸਪਾਲ ਕੌਰ ਦੀ ਯੋਗ ਅਗਵਾਈ ਸਦਕਾ ਸਕੂਲ
ਦੁਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ।

ਸਕੂਲ ਦੇ ਵਿਦਿਆਰਥੀਆਂ ਨੇ ਰਾਜਸੀ ਪੱਧਰ ਟੇਬਲ ਟੈਨਿਸ ਮੁਕ
(ਅੰਡਰ-14) ਕਰਨਾਲ ਵਿਖੇ ਲਗਭਗ 40 ਟੀਮਾਂ ਵਿੱਚੋਂ ਦੂਸਰੇ ਸਥਾਨ ਤੇ ਰ
ਸਕੂਲ ਦਾ ਮਾਣ ਵਧਾਇਆ ਹੈ। ਇੰਨਾ ਹੀ ਨਹੀਂ, ਇਸ ਸਕੂਲ ਦਾ ਉਭਰਦਾ ਖਿ
ਹਰਤੇਜ ਸਿੰਘ (ਜਮਾਤ ਸੱਤਵੀਂ) ਨੇ ਟੇਬਲ ਟੈਨਿਸ ਵਿਚ ਸ਼ਾਨਦਾਰ ਪ੍ਰਦਰਸ਼ਨ
ਹੋਏ ਰਾਸ਼ਟਰੀ ਪੱਧਰ ਦੇ ਟੂਰਨਾਮੈਂਟ ਵਿੱਚ ਆਪਣੀ ਜਗਾ ਬਣਾਈ ਤਾਂ ਸਕੂ
ਮੈਂਬਰ ਇੰਚਾਰਜ ਅਤੇ ਪ੍ਰਿੰਸੀਪਲ ਵੱਲੋਂ ਬੱਚੇ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ
ਗਿਆ ਅਤੇ ਉਸਦੇ ਮਾਤਾ-ਪਿਤਾ ਨੂੰ ਵੀ ਬਹੁਤ-ਬਹੁਤ ਵਧਾਈ ਦਿੱਤੀ।



## ਦੀਵਾਨ ਦੇ ਸਕੂਲਾਂ ਤੋਂ 500 ਅਧਿਆਪਕ ਹੋਏ ਸ਼ਾਮਲ ਦੀਵਾਨ ਦੇ ਮਜੀਠਾ ਰੋਡ ਸਕੂਲ ਨੇ ਕਰਾਇਆ ਸੈਮੀਨਾਰ





ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕੰਡਰੀ ਪਬਲਿਕ ਸਕੂਲ ਮਜੀਠਾ ਰੋਡ ਬਾਈਪਾਸ ਅੰਮ੍ਰਿਤਸਰ ਵਿਖੇ ਸੋਸ਼ਲ ਮੀਡੀਆ ਅਤੇ ਸਾਈਬਰ ਜਾਗਰੂਕਤਾ ਨਾਲ ਸੰਬੰਧਿਤ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਏ.ਸੀ.ਪੀ ਸ੍ਰ.ਵਰਿੰਦਰ ਸਿੰਘ ਖੋਸਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਗਈ। ਸੈਮੀਨਾਰ ਦੀ ਅਰੰਭਤਾ ਮੂਲ ਮੰਤਰ ਸਾਹਿਬ ਦੇ ਜਾਪ ਨਾਲ ਕੀਤੀ ਗਈ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਮਨਮੋਹਨ ਸਿੰਘ ਅਤੇ ਪ੍ਰਿੰਸੀਪਲ ਸ੍ਰੀਮਤੀ ਦਪਿੰਦਰ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਨਾਲ ਹਾਰਦਿਕ ਸੁਆਗਤ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਤ ਵੱਖ-ਵੱਖ ਸਕੂਲਾਂ ਤੋਂ 500 ਦੇ ਲਗਭਗ ਅਧਿਆਪਕ ਸਹਿਬਾਨਾਂ ਨੇ ਇਸ ਸੈਮੀਨਾਰ ਵਿਚ ਭਾਗ ਲਿਆ। ਇਸ ਸੈਮੀਨਾਰ ਦੌਰਾਨ ਈ.ਸੀ.ਪੀ ਸਾਹਿਬ ਨੇ ਸਮਾਜ ਵਿਚ ਹੋ ਰਹੀਆਂ ਵਾਰਦਾਤਾਂ, ਉਹਨਾਂ ਤੋਂ ਬੱਚਣ ਦੇ ਉਪਾਅ ਅਤੇ ਕਈ ਨਵੀਆਂ ਧਾਰਾਵਾਂ ਬਾਰੇ ਸਰੋਤਿਆਂ ਨੂੰ ਜਾਗਰੂਕ ਕੀਤਾ ਅਤੇ ਸਰੋਤਿਆ ਦੁਆਰਾ ਦੱਸੀਆ ਗਈਆਂ ਮੁਸ਼ਕਿਲਾਂ ਦੇ ਹੱਲ ਵੀ ਦੱਸੇ। ਇਸ ਸੈਮੀਨਾਰ ਰਾਹੀ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਚੀਫ਼ ਖ਼ਾਲਸਾ ਦੀਵਾਨ ਦੇ ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ ਚਾਵਲਾ ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਿਪੂਦਮਨ ਕੌਰ ਨੇ ਵੀ ਮੁੱਖ ਮਹਿਮਾਨ ਵਜੋਂ ਭੂਮਿਕਾ ਨਿਭਾਈ। ਅੰਤ ਵਿਚ ਡਾਇਰੈਕਟਰ ਓਪਰੇਸ਼ਨ ਡਾ.ਅੰਮ੍ਰਿਤਪਾਲ ਸਿੰਘ ਚਾਵਲਾ ਨੇ ਆਏ ਹੋਏ ਮਹਿਮਾਨਾ ਦਾ ਧੰਨਵਾਦ ਕੀਤਾ ਅਤੇ ਏ.ਸੀ.ਪੀ ਸ੍ਰ.ਵਰਿੰਦਰ ਸਿੰਘ ਖੋਸਾ ਦੇ ਵਿਚਾਰਾਂ ਦੀ ਸ਼ਲਾਘਾ ਕੀਤੀ।

## ਦੀਵਾਨ ਵੱਲੋਂ ਸਾਬਕਾ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ



ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਸ੍ਰੀ ਦਰਬਾਰ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਗੁਰਬਾਣੀ ਦਾ ਡੂੰਘਾ ਗਿਆਨ ਰੱਖਣ ਵਾਲੇ ਗਿਆਨੀ ਜਗਤਾਰ ਸਿੰਘ ਜੀ ਇਕ ਸੂਝਵਾਨ ਕਥਾਵਾਚਕ ਸਨ ਜਿੰਨਾਂ ਗੁਰਮਤਿ ਗਿਆਨ ਅਤੇ ਸਿੱਖੀ ਪ੍ਰਚਾਰ-ਪ੍ਰਸਾਰ ਹਿੱਤ ਅਹਿਮ ਪੰਥਕ ਸੇਵਾਵਾਂ ਨਿਭਾਈਆਂ। ਉਹਨਾਂ ਨੇ ਕਿਹਾ ਕਿ ਅਜਿਹੀ ਧਾਰਮਿਕ ਸਖ਼ਸ਼ੀਅਤ ਦਾ ਅਚਾਨਕ ਸਦੀਵੀਂ ਵਿਛੋੜਾ ਦੇ ਜਾਣਾ ਸਮੁੱਚੇ ਪੰਥ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਅਮਰਜੀਤ ਸਿੰਘ ਬਾਂਗਾ, ਅਤੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੈਂਬਰ ਇੰਚਾਰਜ ਮੁੱਖ ਦਫ਼ਤਰ/ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਗਿਆਨੀ ਜਗਤਾਰ ਸਿੰਘ ਦੇ ਅਕਾਲ ਚਲਾਣੇ ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਅਕਾਲ ਪੁਰਖ ਅੱਗੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ਦੀ ਅਰਦਾਸ ਕੀਤੀ।

## ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵੜ ਜਾ ਬਿਰਾਜੇ ਗੁਰੂ ਚਰਨਾਂ ਵਿਚ

ਸਿੱਖ ਪੰਥ ਦੀ ਮਾਣਯੋਗ ਸਖਸ਼ੀਅਤ ਅਤੇ ਸਿੱਖ ਇਤਿਹਾਸ ਨੂੰ ਇੰਤਾਹ ਹਦ ਤਕ ਪਿਆਰ ਕਰਨ ਵਾਲੇ ਪ੍ਰਿੰਸੀਪਲ ਸਵਰਨ ਸਿੰਘ ਚੂਸਲੇਵੜ 93 ਸਾਲ ਦਾ ਸਫਲ ਜੀਵਨ ਬਤੀਤ ਕਰਦਿਆਂ ਇਸ ਫਾਨੀ ਸੰਸਾਰ ਤੋ ਕੂਚ ਕਰ ਗਏ ਹਨ। ਆਪਣੇ ਸਾਰਾ ਜੀਵਨ ਸਿੱਖ ਇਤਿਹਾਸ ਦੀਆਂ ਸ਼ਾਨਦਾਰ ਪਰੰਪਰਾਵਾਂ, ਘਟਨਾਵਾਂ, ਘਲੂਘਾਰਿਆਂ, ਸ਼ਹੀਦਾਂ, ਮੁਰੀਦਾਂ, ਹਠੀਆਂ, ਜਪੀਆਂ ਦੇ ਪ੍ਰਮਾਣਿਕ ਘਟਨਾ ਕ੍ਰਮਾਂ ਨੂੰ ਖੋਜਣ ਉਤੇ ਸਮਰਪਿਤ ਕੀਤਾ। ਆਪ ਜੀ ਮਨਮੋਹਕ, ਡੂੰਘੀ ਸੋਚ ਅਤੇ ਪੰਥ ਦਰਦ ਨਾਲ ਲਬਰੇਜ ਸਨ। ਉਮਰ ਦੇ 93ਵੇਂ ਵਰ੍ਹੇ ਵਿਚ ਵੀ ਆਪ ਸਿੱਖ ਇਤਿਹਾਸ ਦੇ ਲੇਖਨ ਵਿਚ ਪੂਰੇ ਜਜਬੇ ਨਾਲ ਜੁੜੇ ਰਹੇ। ਆਪ ਅਰਬੀ, ਫਾਰਸੀ ਸਮੇਤ 7 ਭਾਸ਼ਾਵਾਂ ਦੇ ਗਿਆਤਾ ਸਨ। ਆਪ ਨੂੰ ਰਾਸ਼ਟਰੀ ਪੁਰਸਕਾਰ ਸਾਲ 2018 ਪੰਜਾਬ ਸਟੇਟ ਅਵਾਰਡ ਫਾਰ ਐਕਸੀਲੈਂਸ ਇਨ ਐਜੂਕੇਸ਼ਨ 2015, ਮੋਗਾ ਜਿਲ੍ਹਾ ਪੁਰਸਕਾਰ ਆਦਿ ਨਾਲ ਸਨਮਾਨਿਆ ਗਿਆ। ਆਪ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਇਕ ਪ੍ਰੇਰਨਾ ਸਰੋਤ ਵਜੋ ਹਮੇਸ਼ਾਂ ਯਾਦ ਰਹਿਣਗੇ। ਆਪ ਜੀ ਦਾ ਜਨਮ ਸਾਲ 1931 ਵਿਚ ਇਕ ਮੋਗੇ ਦੇ ਨੇੜੇ ਇਕ ਸਧਾਰਨ ਪਿੰਡ ਵਿਚ ਹੋਇਆ ਸੀ।







## ਜਿਲ੍ਹਾ ਪੱਧਰੀ ਖੇਡਾਂ ਵਿਚ ਜੀ.ਟੀ.ਰੋਡ ਸਕੂਲ ਨੇ ਮਾਰੀਆਂ ਮਲਾਂ

### ਅਰੁਨਦੀਪ ਸਿੰਘ, ਤਰਨਦੀਪ ਸਿੰਘ ਅਤੇ ਅਭੈਪ੍ਰਤਾਪ ਸਿੰਘ ਨੇ ਗੋਲਡ ਮੈਡਲ ਕੀਤੇ ਪ੍ਰਾਪਤ।



ਇਸ ਸਾਲ 67ਵੀਂ ਜਿਲ੍ਹਾ ਪੱਧਰੀ ਖੇਡਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੀ.ਟੀ.ਰੋਡ ਵਿਖੇ ਮਿਤੀ 28-08-2023 ਤੇ 31-08-2023 ਤੱਕ ਕਰਵਾਇਆ ਗਈਆਂ ਜਿਸ ਵਿਚ ਜੀ.ਟੀ.ਰੋਡ ਸਕੂਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਪ੍ਰਾਪਤ ਕੀਤੇ। ਇਹਨਾਂ ਖੇਡਾਂ ਵਿਚ ਹੋਏ ਫੈਨਸਿੰਗ ਮੁਕਾਬਲਿਆਂ ਵਿਚ ਜਿਲ੍ਹੇ ਦੇ ਲੜਕੇ ਅਤੇ ਲੜਕੀਆਂ ਦੇ 12+12 ਸਕੂਲਾਂ ਤੋਂ 24 ਟੀਮਾਂ ਨੇ ਭਾਗ ਲਿਆ। ਫੈਨਸਿੰਗ ਮੁਕਾਬਲਿਆਂ ਵਿਚ ਨਿੰਜੀ ਤੌਰ ਤੇ ਹੋਏ ਮੁਕਾਬਲਿਆਂ ਵਿਚ ਅੰਡਰ-19 ਵਿਚੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੀ.ਟੀ.ਰੋਡ ਦੇ +2 ਦੇ ਵਿਦਿਆਰਥੀ ਸ੍ਰ.ਅਰੁਨਦੀਪ ਸਿੰਘ ਨੇ, ਅੰਡਰ-17 ਵਿਚੋਂ ਅਠਵੀਂ ਜਮਾਤ ਦੇ ਸ੍ਰ.ਤਰਨਦੀਪ ਸਿੰਘ ਅਤੇ ਅੰਡਰ-14 ਵਿਚ ਸਤਵੀਂ ਜਮਾਤ ਦੇ ਸ੍ਰ.ਅਭੈਪ੍ਰਤਾਪ ਸਿੰਘ ਨੇ ਗੋਲਡ ਮੈਡਲ ਲੈ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ।

ਇਸ ਮੌਕੇ ਮਿਤੀ 31-08-2023 ਨੂੰ ਕੀਤੇ ਗਏ ਵਿਸ਼ੇਸ਼ ਸਮਾਗਮ ਵਿਚ ਜਿਲ੍ਹਾ ਸਪੋਰਟ ਕੁਆਰਡੀਨੇਟਰ ਵੱਲੋਂ ਬੱਚਿਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ ਜੋ ਜੀ.ਟੀ.ਰੋਡ ਸਕੂਲ ਦੇ ਮੈਂਬਰ ਇੰਚਾਰਜ ਵੀ ਹਨ ਅਤੇ ਦੀਵਾਨ ਦੇ ਆਨਰੇਰੀ ਜੁਆਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਜੋ ਜੀ.ਟੀ.ਰੋਡ ਸਕੂਲ ਦੇ ਮੈਂਬਰ ਇੰਚਾਰਜ ਵੀ ਹਨ, ਦੀਵਾਨ ਦੇ ਸਪੋਰਟਸ ਡਾਇਰੈਕਟਰ ਸ੍ਰੀਮਤੀ ਅੰਮ੍ਰਿਤਪਾਲ ਕੌਰ, ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ, ਸ੍ਰੀ ਸੁਨੀਲ ਕੁਮਾਰ ਲੈਕਚਰਾਰ ਸ੍ਰ.ਨਿਰਮਲਜੀਤ ਸਿੰਘ ਹੈਡਮਾਸਟਰ, ਫੈਨਸਿੰਗ ਕੋਚ ਸ੍ਰੀ ਸ਼ਰਦ ਕੁਮਾਰ ਅਤੇ ਮੈਡਮ ਰੁਪਿੰਦਰ ਕੌਰ, ਸ੍ਰ.ਭੁਪਿੰਦਰ ਸਿੰਘ ਅਧਿਆਪਕ ਫਿਜੀਕਲ ਐਜੂਕੇਸ਼ਨ ਆਦਿ ਹਾਜ਼ਰ ਸਨ। ਇਨ੍ਹਾਂ ਅਧਿਕਾਰੀਆਂ ਤੇ ਅਧਿਆਪਕਾਂ ਨੇ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਵਲੋਂ ਕੀਤੀ ਗਈ ਮਿਹਨਤ ਅਤੇ ਅਧਿਆਪਕਾਂ ਵਲੋਂ ਦਿੱਤੀ ਸਿਲਖਾਈ ਦੀ ਭਰਪੂਰ ਪ੍ਰਸੰਸਾ ਕੀਤੀ। ਇਹਨਾਂ ਅਧਿਕਾਰੀਆਂ ਤੇ ਅਧਿਆਪਕਾਂ ਨੇ ਇਹ ਵੀ ਦੱਸਿਆ ਕਿ ਜੀ.ਟੀ.ਰੋਡ ਸਕੂਲ ਦੇ ਜਿਲ੍ਹਾ ਪੱਧਰੀ ਖੇਡਾਂ ਵਿਚ ਇਨਾਮ ਪ੍ਰਾਪਤ ਕਰਨ ਵਾਲੇ ਇਹ 4 ਵਿਦਿਆਰਥੀ ਸਟੇਟ ਪੱਧਰ ਦੀਆਂ ਖੇਡਾਂ ਵਾਸਤੇ ਵੀ ਚੁਣੇ ਗਏ ਹਨ। ਉਹਨਾਂ ਆਸ ਪ੍ਰਗਟ ਕੀਤੀ ਕਿ ਵਿਦਿਆਰਥੀ ਹੋਰ ਵਧੇਰੇ ਮਿਹਨਤ ਕਰਕੇ ਸਕੂਲ ਦਾ ਅਤੇ ਆਪਣੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕਰਨਗੇ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ.ਪਬਲਿਕ ਜੀ.ਟੀ.ਰੋਡ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜੀ.ਟੀ.ਰੋਡ ਵਿਖੇ ਅਧਿਆਪਕ ਦਿਵਸ ਬੜੇ ਉਤਸ਼ਾਹ ਅਤੇ ਜ਼ੋਸ ਨਾਲ ਮਨਾਇਆ ਗਿਆ। ਮੀਤ ਪ੍ਰਧਾਲ ਅਤੇ ਮੈਂਬਰ ਇੰਚਾਰਜ ਜੀ.ਟੀ.ਰੋਡ ਸਕੂਲ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਜੁਆਇੰਟ ਸਕੱਤਰ ਅਤੇ ਮੈਂਬਰ ਇੰਚਾਰਜ ਸਕੂਲ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਡਾਇਰੈਕਟਰ ਓਪਰੇਸ਼ਨ ਡਾ.ਅੰਮ੍ਰਿਤਪਾਲ ਸਿੰਘ ਚਾਵਲਾ ਨੇ ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਆਰੰਭ ਸਕੂਲ ਸ਼ਬਦ ਨਾਲ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਸਕੂਲ ਸ੍ਰ.ਜਗਜੀਤ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਅਧਿਆਪਕ ਦਿਵਸ ਦੀ ਵਧਾਈ ਦਿੱਤੀ। ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਅਧਿਆਪਕ ਦਿਵਸ ਨਾਲ ਸੰਬੰਧਿਤ ਸਕਿਟ ਪੇਸ਼ ਕੀਤਾ ਗਿਆ ਜਿਸਦਾ ਸਭ ਨੇ ਖੂਬ ਅਨੰਦ ਮਾਣਿਆ। ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਦੇਵਲੀਨ ਕੌਰ ਨੇ ਅਧਿਆਪਕ ਦਿਵਸ ਨਾਲ ਸੰਬੰਧਿਤ ਭਾਸ਼ਣ ਦਿੱਤਾ। ਸਕੂਲ ਦੇ ਵਿਦਿਆਰਥੀਆਂ ਵੱਲੋਂ ਬੋਲੀਆਂ, ਭੰਗੜੇ ਗਿੱਧੇ ਅਤੇ ਲੋਕ ਨਾਚ ਰਾਹੀਂ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਇਸ ਮੌਕੇ ਸਕੂਲ ਦੇ ਪੰਜ ਅਧਿਆਪਕਾਂ ਸ੍ਰ.ਭੁਪਿੰਦਰ ਸਿੰਘ, ਸ੍ਰੀਮਤੀ ਭੁਪਿੰਦਰ ਕੌਰ, ਸ੍ਰੀਮਤੀ ਮੀਨਾਕਸ਼ੀ ਸ਼ਰਮਾ, ਸ੍ਰੀਮਤੀ ਅਮਨਪ੍ਰੀਤ ਕੌਰ ਅਤੇ ਸ੍ਰੀਮਤੀ ਪਰਮਿੰਦਰ ਕੌਰ ਉਪੱਲ ਨੂੰ ਸਨਮਾਨਿਤ ਕੀਤਾ ਗਿਆ ਜੋ 17 ਸਾਲਾਂ ਤੋਂ ਵੱਧ ਸਮੇਂ ਤੋਂ ਸਕੂਲ ਨੂੰ ਆਪਣੀਆਂ ਬਿਹਤਰੀਨ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਇਹਨਾਂ ਦੇ ਨਾਲ ਹੀ ਸਕੂਲ ਪ੍ਰਬੰਧਕੀ ਸਟਾਫ ਦੇ ਸ੍ਰੀਮਤੀ ਗੁਰਬਖਸ਼ ਕੌਰ ਅਤੇ ਸ੍ਰੀਮਤੀ ਭੁਪਿੰਦਰ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਲਈ ਚਾਨਣ ਮੁਨਾਰਾ ਹੁੰਦੇ ਹਨ ਅਤੇ ਚੰਗਾ ਅਧਿਆਪਕ ਵਿਦਿਆਰਥੀਆਂ ਦੇ ਹੁਨਰ ਦੀ ਪਛਾਣ ਕਰਦਾ ਹੋਇਆ ਜੀਵਨ ਵਿਚ ਉੱਚ ਪ੍ਰਾਪਤੀਆਂ ਕਰਨ ਵਿੱਚ ਉਹਨਾਂ ਦੀ ਮਦਦ ਕਰਦਾ ਹੈ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਅਧਿਆਪਕ ਇਕ ਮਾਲੀ ਦੀ ਤਰ੍ਹਾਂ ਵਿਦਿਆਰਥੀਆਂ ਵਿੱਚ ਇਮਾਨਦਾਰੀ ਅਤੇ ਚੰਗੇ ਇਨਸਾਨ ਬਨਣ ਦੇ ਬੀਜ ਬੀਜਦਾ ਹੈ। ਸਕੂਲ ਦੇ ਪ੍ਰਿੰਸੀਪਲ ਸ੍ਰ.ਮਨਦੀਪ ਸਿੰਘ ਨੇ ਅਧਿਆਪਕ ਦਿਵਸ ਦੀ ਵਧਾਈ ਦਿੰਦੇ ਹੋਏ ਡਾ.ਸਰਵਪਲੀ ਰਾਧਾਕ੍ਰਿਸ਼ਨ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਵਿਦਿਆਰਥੀਆਂ ਨੂੰ ਅਧਿਆਪਕਾਂ ਦੇ ਰਿਣੀ ਹੋਣਾ ਚਾਹੀਦਾ ਹੈ ਜੋ ਦੀਵੇ ਦੀ ਤਰ੍ਹਾਂ ਜਗ ਕੇ ਚਾਨਣ ਪ੍ਰਦਾਨ ਕਰਦੇ ਹਨ ਅਤੇ ਵਿਦਿਆਰਥੀਆਂ ਵਿਚ ਚੰਗੇ ਗੁਣ ਪੈਦਾ ਕਰਦੇ ਹਨ। ਉਨ੍ਹਾਂ ਪ੍ਰੋਗਰਾਮ ਵਿਚ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਵਿੱਚ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੀਤ ਪ੍ਰਧਾਨ ਅਤੇ ਮੈਂਬਰ ਇੰਚਾਰਜ ਜੀ.ਟੀ.ਰੋਡ ਸਕੂਲ ਸ੍ਰ.ਜਗਜੀਤ ਸਿੰਘ, ਜੁਆਇੰਟ ਸਕੱਤਰ ਅਤੇ ਮੈਂਬਰ ਇੰਚਾਰਜ ਸਕੂਲ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਡਾਇਰੈਕਟਰ ਓਪਰੇਸ਼ਨ ਡਾ.ਅੰਮ੍ਰਿਤਪਾਲ ਸਿੰਘ ਚਾਵਲਾ, ਪ੍ਰਿੰਸੀਪਲ ਮਨਦੀਪ ਸਿੰਘ, ਵਾਈਸ ਪ੍ਰਿੰਸੀਪਲ ਸ੍ਰੀਮਤੀ ਰੇਣੂ ਆਹੂਜਾ, ਮੁੱਖ ਅਧਿਆਪਕਾ ਸ੍ਰੀਮਤੀ ਕੰਵਲਪ੍ਰੀਤ ਕੌਰ, ਸ੍ਰੀਮਤੀ ਰਵਿੰਦਰ ਕੌਰ, ਸ੍ਰੀਮਤੀ ਕਿਰਨਜੋਤ ਕੌਰ, ਸ੍ਰੀਮਤੀ ਮਨਵਿੰਦਰ ਕੌਰ ਅਤੇ ਅਧਿਆਪਕ ਸਾਹਿਬਾਨ ਵੱਡੀ ਗਿਣਤੀ ਵਿਚ ਹਾਜ਼ਰ ਸਨ।

Postal No. L-I/PB-ASR/0220/2022-2024




## ਦੀਵਾਨ ਦੇ ਸਕੂਲਾਂ ਵਿਚ ਨਵੀਂ ਟੈਕਨਾਲਿਜੀ ਅਧਾਰਿਤ ਇੰਟਰੈਕਟਿਵ ਫਲੈਟ ਪੈਨਲ

## ਚੀਫ਼ ਖ਼ਾਲਸਾ ਦੀਵਾਨ ਦੇ ਸਕੂਲਾਂ ਦੇ ਪ੍ਰਵੇਸ਼ ਦੁਆਰਾਂ ਦੀ ਨਵੀਂ ਨੁਹਾਰ




Regd-RNI-64/57 ISSN - 2454-6488
ਪ੍ਰਕਾਸ਼ਕ ਤੇ ਛਾਪਕ ਅਜੀਤ ਸਿੰਘ ਬਸਰਾ ਨੇ ਪ੍ਰਿੰਟਵੈੱਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-09-2023 ਨੂੰ ਜਾਰੀ ਕੀਤਾ ।